ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

Vol 19*Issue 34 Monday, February 24, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

# ਹੁਣ ਹਟਾਏ ਜਾਣੇ ਚਾਹੀਦੇ ਹਨ ਬੈਰੀਕੇਡਜ਼ : ਟਰੂਡੋ



ਓਟਵਾ, 23 ਫਰਵਰੀ (ਪੋਸਟ ਬਿਊਰੋ) : ਕੈਨੇਡਾ ਭਰ ਵਿੱਚ ਰੇਲ ਸੇਵਾ ਠੱਪ ਕਰਨ ਵਾਲੇ ਬੈਰੀਕੇਡਜ਼ ਨੂੰ ਹੁਣ ਖ਼ਤਮ ਕਰਨ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸਾਰਿਆਂ ਨੂੰ ਸੱਦਾ ਦਿੱਤਾ ਜਾ ਰਿਹਾ ਹੈ।

ਬੀਤੇ ਦਿਨੀਂ ਨੈਸ਼ਨਲ ਪ੍ਰੈੱਸ ਥਿਏਟਰ ਤੋਂ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਹੁਕਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਤੇ ਕਾਨੂੰਨ ਦਾ ਵੀ ਸਨਮਾਨ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਜਿਹੜੇ ਕੈਨੇਡੀਅਨਾਂ ਨੂੰ ਇਨ੍ਹਾਂ ਅੜਿੱਕਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਹੁਣ ਉਨ੍ਹਾਂ ਦਾ ਸਬਰ ਮੁੱਕਦਾ ਜਾ ਰਿਹਾ ਹੈ। ਮੁਜ਼ਾਹਰਾਕਾਰੀਆਂ ਵੱਲੋਂ ਲਾਏ ਇਨ੍ਹਾਂ ਬਲਾਕੇਡਜ਼ ਕਾਰਨ ਸੀਐਨ ਰੇਲ ਪੂਰਬੀ ਰੇਲ ਨੈੱਟਵਰਕ ਤੱਕ ਵਸਤਾਂ ਨਹੀਂ ਪਹੁੰਚਾ ਪਾ ਰਹੀ। ਕੈਨੇਡਾ ਭਰ ਵਿੱਚ ਵਾਇਆ ਰੇਲ ਪੈਸੈਂਜਰ ਸੇਵਾ ਠੱਪ ਹੋ ਕੇ ਰਹਿ ਗਈ ਹੈ। ਕਈ ਮੁਲਾਜ਼ਮਾਂ ਦੀ ਆਰਜ਼ੀ ਛਾਂਗੀ ਕਰ ਦਿੱਤੀ ਗਈ ਹੈ। ਇੱਥੇ ਹੀ ਬੱਸ ਨਹੀਂ ਖੇਤੀਬਾੜੀ ਖੇਤਰ ਉੱਤੇ ਵੀ ਇਸ ਦਾ ਮਾੜਾ ਆਰਥਿਕ ਪ੍ਰਭਾਵ ਪੈ ਰਿਹਾ ਹੈ। ਉਹ ਵੀ ਆਪਣੇ ਉਤਪਾਦ ਇੱਕ ਥਾਂ ਤੋਂ ਦੂਜੀ ਥਾਂ ਨਹੀਂ ਲਿਜਾ ਪਾ ਰਹੇ।

ਇਸ ਦੌਰਾਨ ਵੈਸਟਸੁਵੈਟਨ ਦੇ ਹੈਰੇਡਿਟਰੀ ਚੀਫ ਸਮੋਗਲਗੈਮ ਨੇ ਆਖਿਆ ਕਿ ਜਿਹੜੀ ਅਸਹੂਲਤ ਹੁਣ ਬਾਕੀਆਂ ਨੂੰ ਹੋ ਰਹੀ ਹੈ ਉਹੋ ਜਿਹੀ ਅਸਹੂਲਤ ਅਸੀਂ ਬਰਦਾਸ਼ਤ ਕਰ ਚੁੱਕੇ ਹਾਂ ਜਦੋਂ ਸਾਡੇ ਲੋਕਾਂ ਨੂੰ ਰਿਜ਼ਰਵੇਸ਼ਨਜ਼ ਵੱਲ ਧੱਕ ਦਿੱਤਾ ਗਿਆ ਸੀ। ਜ਼ਿਕਰਯੋਗ ਹੈ ਕਿ ਬੀਸੀ ਵਿੱਚ ਵੈਸਟਸੁਵੈਟਨ ਦੀ ਟੈਰੇਟਰੀ ਵਿੱਚੋਂ ਨੈਚੁਰਲ ਗੈਸ ਪਾਈਪਲਾਈਨ ਵਿਛਾਏ ਜਾਣ ਦਾ ਫੈਸਲਾ ਆਉਣ ਤੋਂ ਬਾਅਦ ਤੋਂ ਹੀ ਇਸ ਫੈਸਲੇ ਦਾ ਵਿਰੋਧ ਸ਼ੁਰੂ ਹੋ ਗਿਆ ਸੀ। ਵੈਸਟਸੁਵੈਟਨ ਹੈਰੇਡਿਟਰੀ ਚੀਫਜ਼ ਦੇ ਸਮਰਥਨ ਵਿੱਚ ਲੋਕਾਂ ਵੱਲੋਂ ਦੇਸ਼ ਭਰ ਵਿੱਚ ਸੜਕਾਂ ਉੱਤੇ ਹੀ ਨਹੀਂ ਸਗੋਂ ਰੇਲਵੇ ਟਰੈਕਜ਼ ਰੋਕ ਕੇ ਵਿਰੋਧ ਪ੍ਰਗਟਾਇਆ ਜਾ ਰਿਹਾ ਹੈ। ...ਬਾਕੀ ਪੰਨਾ 6 'ਤੇ

ਪਾਕਿਸਤਾਨ ਯਾਤਰਾ ਭਾਗ - 6

# ਆਖਰੀ ਦਿਨ-ਸੁਖਦ ਦੁਖਦ ਅਨੁਭਵਾਂ ਦਾ ਸੁਮੇਲ



-ਜਗਦੀਸ਼ ਗਰੇਵਾਲ-

ਆਪਣੀ ਯਾਤਰਾ ਦੇ ਆਖਰੀ ਅਤੇ ਛੇਵੇਂ ਦਿਨ ਅਸੀਂ ਸਵੇਰੇ ਲਾਹੌਰ ਤੋਂ ਚੱਲ ਕੇ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣਾ ਸੀ। ਸਾਡਾ ਇਰਾਦਾ ਸੁਵਖਤੇ ਨਿਕਲਣ ਦਾ ਸੀ ਪਰ ਮਿਲਣ ਆਏ ਦੋਸਤਾਂ ਮਿੱਤਰਾਂ ਅਤੇ ਸ਼ੁਭਚਿੰਤਕਾਂ ਦੇ ਮੇਲ ਮਿਲਾਪ ਵਿੱਚ ਕਾਫੀ ਸਮਾਂ ਬੀਤ ਗਿਆ ਜਿਸ ਕਾਰਣ ਅਸੀਂ 10 ਵਜੇ ਦੇ ਕਰੀਬ ਕਰਤਾਰਪੁਰ ਸਾਹਿਬ ਲਈ ਯਾਤਰਾ ਆਰੰਭ ਕਰ ਪਾਏ। ਅੰਦਾਜ਼ਾ ਸੀ ਕਿ ਇੱਕ ਤੋਂ ਡੇਢ ਘੰਟੇ ਵਿੱਚ ਉੱਥੇ ਪੁੱਜ ਜਾਵਾਂਗੇ ਪਰ ਹਕੀਕਤ ਵਿੱਚ ਦੋ ਘੰਟੇ ਦਾ ਸਮਾਂ ਲੱਗ ਗਿਆ। ਲਹਿੰਦੇ ਪੰਜਾਬ ਦੇ ਨਾਰੋਵਾਲ ਜ਼ਿਲੇ ਦੀ ਸ਼ੱਕਰਗੜ ਤਹਿਸੀਲ ਵਿੱਚ ਰਾਵੀ ਨਦੀ ਦੇ ਕੰਢੇ ਉੱਤੇ ਵਾਕਿਆ ਕਰਤਾਰਪੁਰ ਉਹ ਮੁੱਕਦਸ ਸਥਾਨ ਹੈ ਜਿੱਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਇਸ ਫਾਨੀ ਸੰਸਾਰ ਵਿੱਚ ਆਖਰੀ 18 ਸਾਲ ਬਿਤਾਏ, ਹੱਥੀਂ ਕਿਰਤ ਕਰਕੇ ਵੰਡ ਛੱਕਣ ਦਾ ਅਮਰ ਸਿਧਾਂਤ ਮਨੁੱਖਤਾ ਦੀ ਝੋਲੀ ਵਿੱਚ ਪਾਇਆ। ...ਬਾਕੀ ਪੰਨਾ 7 'ਤੇ

# ਟੋਰਾਂਟੋ 'ਚ ਮਿਲਿਆ ਕੋਰੋਨਾਵਾਇਰਸ ਦਾ ਇੱਕ ਹੋਰ ਮਾਮਲਾ

ਟੋਰਾਂਟੋ, 23 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਵੱਲੋਂ ਟੋਰਾਂਟੋ ਵਿੱਚ ਨਵੇਂ ਕੋਰੋਨਾਵਾਇਰਸ ਕੇਸ ਦੀ ਪੁਸ਼ਟੀ ਕੀਤੀ ਗਈ ਹੈ।

ਮੰਤਰਾਲੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 21 ਫਰਵਰੀ ਨੂੰ ਚੀਨ ਤੋਂ ਕੈਨੇਡਾ ਪਹੁੰਚੀ ਇੱਕ ਮਹਿਲਾ ਟੈਲੀਹੈਲਥ ਓਨਟਾਰੀਓ ਦੀ ਸਲਾਹ ਉੱਤੇ ਖੰਘ ਦੀ ਸ਼ਿਕਾਇਤ ਲੈ ਕੇ ਨੌਰਥ ਯੌਰਕ ਦੇ ਜਨਰਲ




ਹਸਪਤਾਲ ਪਹੁੰਚੀ। ਐਤਵਾਰ ਦੁਪਹਿਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਮੰਤਰਾਲੇ ਨੇ ਆਖਿਆ ਕਿ ਇਨਫੈਕਸ਼ਨ, ਪ੍ਰੀਵੈਨਸ਼ਨ ਤੇ ਕੰਟਰੋਲ ਪ੍ਰੋਟੋਕਾਲ ਤਹਿਤ ਮਰੀਜ਼ ਨੂੰ ਨੌਰਥ ਯੌਰਕ ਦੇ ਜਨਰਲ ਹਸਪਤਾਲ ਵਿੱਚ ਪੂਰੀ ਨਿਗਰਾਨੀ ਹੇਠ ਰੱਖਿਆ ਜਾ ਰਿਹਾ ਹੈ। ਹਰ ਕਿਸਮ ਦੀ ਅਹਿਤਿਆਤ ਵਰਤੀ ਜਾ ਰਹੀ ਹੈ ਤੇ ਉਸ ਨੂੰ ਅਲੱਗ ਥਲੱਗ ਰੱਖਣ ਦੇ ਨਾਲ ਨਾਲ ਉਸ ਦੀ ਕੋਵਿਡ-19 ਸਬੰਧੀ ਜਾਂਚ ਵੀ ਕੀਤੀ ਜਾ ਰਹੀ ਹੈ।

ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਮਾਮੂਲੀ ਤੌਰ ਉੱਤੇ ਬਿਮਾਰ ਪਾਏ ਜਾਣ ਤੋਂ ਬਾਅਦ ਔਰਤ ਨੂੰ ਘਰ ਭੇਜ ਦਿੱਤਾ ਗਿਆ ਹੈ ਜਿੱਥੇ ਉਹ ਖੁਦ ਹੀ ਅਲੱਗ ਹੋ ਗਈ ਹੈ। ਮੰਤਰਾਲੇ ਨੇ ਆਖਿਆ ਕਿ ਨਤੀਜੇ ਵਜੋਂ ਉਦੋਂ ਤੋਂ ਹੀ ਉਸ ਦਾ ਫੌਲੋ ਅੱਪ ਕੀਤਾ ਜਾ ਰਿਹਾ ਹੈ। ਇਹ ਵੀ ਦੱਸਿਆ ਗਿਆ ਕਿ ਇਸ ਦੀ ਪੁਸ਼ਟੀ ਲਈ ਸੈਂਪਲ ਵਿਨੀਪੈਗ ਸਥਿਤ ਨੈਸ਼ਨਲ ਮਾਇਕ੍ਰੋਬਾਇਓਲੋਜੀ ਲੈਬ ਵੀ ਭੇਜਿਆ ਗਿਆ ਹੈ। ਮੰਤਰਾਲੇ ਦਾ ਕਹਿਣਾ ਹੈ ਕਿ ਕਲੀਨਿਕ ਵਿੱਚ ਕੀਤੀ ਗਈ ਉਸ ਦੀ ਜਾਂਚ ਤੇ ਹਿਸਟਰੀ ਅਨੁਸਾਰ ਇਸ ਗੱਲ ਦੀ ਬਹੁਤ ਘੱਟ ਗੁੰਜਾਇਸ਼ ਹੈ ਕਿ ਉਸ ਵਿੱਚ ਇਹੀ ਇਨਫੈਕਸ਼ਨ ਹੋਵੇ।

ਮੰਤਰਾਲੇ ਨੇ ਦੱਸਿਆ ਕਿ ਮਹਿਲਾ ਨੇ ਸੇਫਟੀ ਸਬੰਧੀ ਸਾਰੇ ਪ੍ਰੋਟੋਕਾਲਜ਼ ਪੂਰੇ ਕੀਤੇ ਸਨ ਤੇ ਟੋਰਾਂਟੋ ਆਉਣ ਸਮੇਂ ਵੀ ਉਸ ਨੇ ਪੂਰੇ ਸਫਰ ਵਿੱਚ ਮਾਸਕ ਪਾਈ ਰੱਖਿਆ ਸੀ। ਹੁਣ ਪ੍ਰੋਵਿੰਸ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਲੋਕਲ ਪਬਲਿਕ ਹੈਲਥ ਯੂਨਿਟਸ ਨਾਲ ਰਾਬਤਾ ਕਾਇਮ ਕਰਕੇ ...ਬਾਕੀ ਪੰਨਾ 6 'ਤੇ

# ਗੁਰਦੁਆਰਾ ਬਾਉਲੀ ਸਾਹਿਬ ਸਿਆਲਕੋਟ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਬਾਉਲੀ ਸਾਹਿਬ ਸਿਆਲਕੋਟ ਦੀ ਹੈ। ..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

RESIDENTIAL MORTGAGE
ਹਰ ਤਰ੍ਹਾਂ ਦੀਆਂ ਮੋਰਟਗੇਜ ਦੀਆਂ ਸੇਵਾਵਾਂ ਜਿਵੇਂ :
Purchase
Refinance
Self Employed
Special Rate & Package for Mortgage
Call today !!
647•964•0060
gurvinder.mangat@nbc.ca
NATIONAL BANK | 10520 Torbram Rd, Brampton, ON L6R 3N9
GURVINDER MANGAT Mortgage Development Manager

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd., Brampton, ON L6S 0E7

Law Office of Aman Sharma
Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕਾਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
647.990.3205
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
1083
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਕਾਰਬਨ ਟੈਕਸ ਖ਼ਤਮ ਕਰਾਂਗੇ ਤੇ ਪੈਰਿਸ ਸਮਝੌਤੇ ਦੇ ਟੀਚਿਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗੇ : ਮੈਕੇਅ

ਓਟਵਾ, 23 ਫਰਵਰੀ (ਪੋਸਟ ਬਿਊਰੋ) : ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਸ਼ਾਮਲ ਉਮੀਦਵਾਰ ਪੀਟਰ ਮੈਕੇਅ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਅਗਵਾਈ ਵਿੱਚ ਬਣਨ ਵਾਲੀ ਕੰਜ਼ਰਵੇਟਿਵ ਸਰਕਾਰ ਕਾਰਬਨ ਟੈਕਸ ਖ਼ਤਮ ਕਰ ਦੇਵੇਗੀ। ਪਰ ਉਨ੍ਹਾਂ ਆਖਿਆ ਕਿ ਅਸੀਂ ਪੈਰਿਸ ਕਲਾਇਮੇਟ ਸਮਝੌਤੇ ਦੇ ਟੀਚਿਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗੇ।

ਇੱਕ ਇੰਟਰਵਿਊ ਦੌਰਾਨ ਮੈਕੇਅ ਨੇ ਆਖਿਆ ਕਿ ਘਰੇਲੂ ਪੱਧਰ ਉੱਤੇ ਕਾਰਬਨ ਟੈਕਸ ਲਾਏ ਬਿਨਾ ਵੀ ਕੈਨੇਡਾ ਕਲਾਈਮੇਟ ਚੇਂਜ ਮਾਮਲੇ ਵਿੱਚ ਗਲੋਬਲ ਲੀਡਰ ਬਣ ਸਕਦਾ ਹੈ। ਉਨ੍ਹਾਂ ਆਖਿਆ ਕਿ ਕੈਨੇਡੀਅਨ ਨਵੇਕਲੀਆਂ ਕਾਢਾਂ ਰਾਹੀਂ ਤੇ ਗਲੋਬਲ ਪੱਧਰ ਉੱਤੇ ਕਲਾਈਮੇਟ ਚੇਂਜ ਨੂੰ ਰੋਕਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵਿੱਚ ਯੋਗਦਾਨ ਪਾ ਕੇ ਨਵੀਆਂ ਪੈੜਾਂ ਪਾ ਸਕਦੇ ਹਾਂ ਕਿਉਂਕਿ ਅਸੀਂ ਕੋਈ ਸਮੱਸਿਆ ਨਹੀਂ ਹਾਂ। ਸਾਡੇ ਉੱਤੇ ਆਪਣੀ ਹਿੱਸੇ ਆਈ ਜ਼ਿੰਮੇਵਾਰੀ ਨਿਭਾਉਣ ਦਾ ਬੋਝ ਹੈ ਪਰ ਸਾਨੂੰ ਲੱਗਦਾ ਹੈ ਕਿ ਸਾਡਾ ਨਜ਼ਰੀਆ ਵੱਡਾ ਹੈ ਤੇ ਅਸੀਂ ਗਲੋਬਲ ਪੱਧਰ ਉੱਤੇ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਘੱਟ ਕਰਨ ਲਈ ਠੋਸ ਕੋਸ਼ਿਸ਼ਾਂ ਕਰ ਸਕਦੇ ਹਾਂ। ਮੈਕੇਅ ਨੇ ਆਖਿਆ ਕਿ ਜਿੱਥੋਂ ਤੱਕ ਪੈਰਿਸ ਸਮਝੌਤੇ ਦੀਆਂ ਸ਼ਰਤਾਂ ਪੂਰੀਆਂ ਕਰਨ ਦੀ ਗੱਲ ਹੈ ਤਾਂ ਸਾਡੀ ਸਰਕਾਰ ਉਹ ਪੂਰੀਆਂ ਕਰਨ ਦੀ ਕੋਸ਼ਿਸ਼ ਕਰੇਗੀ। ਇਹ ਬਹੁਤ ਹੀ ਮਹੱਤਵਕਾਂਖੀ ਹੈ। ਉਨ੍ਹਾਂ ਆਖਿਆ ਕਿ ਕਾਰਬਨ ਟੈਕਸ ਲਾਉਣਾ ਤਾਂ ਸਮੱਸਿਆ



ਦਾ ਹੱਲ ਨਹੀਂ ਹੈ। ਕਾਰਬਨ ਟੈਕਸ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਘੱਟ ਨਹੀਂ ਕਰਦਾ ਸਗੋਂ ਪ੍ਰਦੂਸ਼ਣ ਫੈਲਾਉਣ ਦਾ ਲਾਇਸੰਸ ਦਿੰਦਾ ਹੈ।

ਮੈਕੇਅ ਨੇ ਆਖਿਆ ਕਿ ਜੇ ਉਹ ਪ੍ਰਧਾਨ ਮੰਤਰੀ ਬਣਦੇ ਹਨ ਤਾਂ ਉਹ ਫੌਜ ਉੱਤੇ ਕੀਤੇ ਜਾਣ ਵਾਲੇ ਖਰਚੇ ਨੂੰ ਤਰਜੀਹ ਦੇਣਗੇ। ਉਹ ਨਾਟੋ ਦੇ ਟੀਚਿਆਂ ਨੂੰ ਪੂਰਾ ਕਰਨ ਲਈ ਕੁੱਲ ਘਰੇਲੂ ਉਤਪਾਦ (ਜੀਡੀਪੀ) ਦਾ ਦੋ ਫੀ ਸਦੀ ਫੌਜ ਲਈ ਦੇਣਗੇ। ਉਨ੍ਹਾਂ ਆਖਿਆ ਕਿ ਕੈਨੇਡਾ ਨੂੰ ਅਜਿਹਾ ਕਰਨ ਦੀ ਲੋੜ ਹੈ। ਉਨ੍ਹਾਂ ਅੱਗੇ ਆਖਿਆ ਕਿ ਉਹ ਸਿਰਫ ਇਹ ਆਖਣਾ ਚਾਹੁੰਦੇ ਹਨ ਕਿ ਸਾਨੂੰ ਨਾਟੋ ਨਾਲ ਕੀਤੀ ਆਪਣੀ ਵਚਨਬੱਧਤਾ ਨੂੰ ਪੁਗਾਉਣ ਲਈ ਨੌਰਥ ਅਮਰੀਕਾ ਵਿੱਚ ਕੁੱਝ ਹੋਰ ਕਰਨਾ ਚਾਹੀਦਾ ਹੈ। ਕੈਨੇਡਾ ਵੱਲੋਂ ਇਸ ਵਚਨਬੱਧਤਾ ਉੱਤੇ ਸਹੀ ਪਾਈ ਗਈ ਹੈ ਪਰ ਅਜੇ ਤੱਕ ਇਸ ਦੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ ਕਾਰਨ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਕੈਨੇਡਾ ਨੂੰ ਆਲੋਚਨਾ ਦਾ ਸ਼ਿਕਾਰ ਹੋਣਾ ਪਿਆ ਹੈ।

ਜਦੋਂ ਤੋਂ ਮੈਕੇਅ ਨੇ ਟੋਰੀ ਲੀਡਰਸ਼ਿਪ ਦੌੜ ਲਈ ਆਪਣਾ ਨਾਂ ਦਿੱਤਾ ਹੈ ਉਦੋਂ ਤੋਂ ਹੀ ਫਰੈਂਚ ਭਾਸ਼ਾ ਦੀ ਉਨ੍ਹਾਂ ਦੀ ਕਾਬਲੀਅਤ ਉੱਤੇ ਸਵਾਲ ਉੱਠ ਰਹੇ ਹਨ। ਕਈਆਂ ਦਾ ਕਹਿਣਾ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਫਰੈਂਚ ਤੇ ਅੰਗਰੇਜ਼ੀ ਭਾਸ਼ਾ ਵਿੱਚ ਮਾਹਰ ਹੋਣਾ ਚਾਹੀਦਾ ਹੈ। ਇੰਟਰਵਿਊ ਦੌਰਾਨ ਮੈਕੇਅ ਨੇ ਫਰੈਂਚ ਵੀ ਬੋਲਣੀ ਸ਼ੁਰੂ ਕੀਤੀ ਪਰ ਫਿਰ ਥੋੜ੍ਹੀ ਦੇਰ ਬਾਅਦ ਹੀ ਉਨ੍ਹਾਂ ਮੁੜ ਅੰਗਰੇਜ਼ੀ ਬੋਲਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਇਹ ਵੀ ਆਖਿਆ ਕਿ ਹਾਲ ਦੀ ਘੜੀ ਉਨ੍ਹਾਂ ਨੂੰ ਬਹੁਤ ਘਟ ਫਰੈਂਚ ਬੋਲਣ ਦੀ ਲੋੜ ਪੈਂਦੀ ਹੈ ਪਰ ਉਹ ਇਸ ਵਿੱਚ ਸੁਧਾਰ ਕਰ ਲੈਣਗੇ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA, LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

MISSISSAUGA BRAMPTON
AFFORDABLE LIVING
CAMBRIDGE KITCHENER WATERLOO



Separate Entrance Basement

DOON SOUTH - KITCHENER
"4 BEDROOM HOME"
SEPARATE ENTRANCE
TO BASEMENT

ਡੂਨ ਸਾਊਥ ਕਿਚਨਰ ਦੇ ਮਸ਼ਹੂਰ ਏਰੀਏ ਵਿੱਚ ਬਣਿਆ ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਘਰ। ਕਸਟਮ ਡਿਜਾਈਨ ਕੀਤੀ ਗਈ ਕਿਚਨ ਅਤੇ ਅਪਗ੍ਰੇਡੇਡ ਸਟੇਨਲੈਸ ਸਟੀਲ ਅਪਲਾਈਨਸੈਸ, ਪੈਂਟਰੀ ਅਤੇ ਬਹੁਤ ਵੱਡੀ ਇਟੀਂਗ ਆਈਲੈਂਡ। ਡਾਇਨਿੰਗ ਰੂਮ ਵਿੱਚ ਵੱਡਾ ਪਰਿਵਾਰ ਬੈਠ ਕੇ ਆਰਾਮ ਨਾਲ ਖਾਣਾ ਖਾ ਸਕਦੇ ਹਨ। ਮੈਨ ਫਲੋਰ ਵਿੱਚ 9 ਫੁੱਟ ਦੀ ਸਿਲਿੰਗ ਹੈ ਅਤੇ ਵੱਡੀਆਂ ਵਿੰਡੋਜ਼ ਹਨ। ਬਹੁਤ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਚ ਵਾਕ ਇਨ ਕਲਾਜਟ ਅਤੇ ਇਨਸੂਟ ਵਾਸ਼ਰੂਮ ਹੈ। ਫਿਨੀਸ਼ਡ ਬੇਸਮੈਂਟ ਲਈ ਸੇਪਰੈਟ ਏਨਟਰੈਂਸ ਹੈ। ਡਬਲ ਅਟੈਚਡ ਗਰਾਜ ਹੈ ਅਤੇ ਫੈਂਸ ਯਾਰਡ ਹੈ।
ASKING $839,000. MLS # 30784447
Call Joseph today 519-575-2777



IN - LAW SUITE

"LUXURIOUS - LARGE CUSTOM
2 STORY IN - LAW SUIT
FINISHED WALK
OUT BASEMENT"


ਬਹੁਤ ਹੀ ਸੋਹਣਾ 4500 ਸੁਕੇਅਰ ਫੁੱਟ ਵਿੱਚ ਬਣਿਆ 4+1 ਬੈਡਰੂਮ, ਇਨ ਲਾਅ ਸੂਟ ਬੇਸਮੈਂਟ। ਲਕਜ਼ਰੀ ਫਿਨੀਸ਼ਿੰਗ। ਘਰ ਵਿੱਚ ਦਾਖਲ ਹੁੰਦਿਆਂ ਹੀ ਡਬਲ ਫੋਯਰ ਤੁਹਾਨੂੰ ਹੈਰਾਨ ਕਰ ਦੇਣਗੇ। ਕਸਟਮ ਬਿਲਟ ਕਿਚਨ ਅਤੇ ਅਪਗ੍ਰੇਡੇਡ ਅਪਲਾਈਨਸੈਸ ਅਤੇ ਵੱਡੀ ਆਈਲੈਂਡ ਅਤੇ ਗਰੇਨਾਈਟ ਕਾਊਨਟਰ। ਮਾਸਟਰ ਬੈਡਰੂਮ 4 ਪੀਸ ਈਨਸੂਟ ਅਤੇ ਬਹੁਤ ਵੱਡੀਆਂ ਵਾਕ ਇਨ ਕਲਾਜਟ। ਵਾਕ ਆਊਟ ਬੇਸਮੈਂਟ ਜਿਸ ਦੀ ਸੇਪਰੈਟ ਏਨਟਰੈਂਸ ਹੈ। ਰਿਕ੍ਰੇਸ਼ਨ ਰੂਮ ਵਿੱਚ ਕਸਟਮ ਕੈਬਨੇਟ ਅਤੇ ਬੋਸ ਸਾਊਂਡ ਦੇ ਨਾਲ ਗੇਸ ਫਾਇਰ ਪਲੇਸ। ਬੇਸਮੈਂਟ ਦੇ ਨਾਲ ਪੂਲ ਅਤੇ ਹੋਟ ਟੱਬ ਵੀ ਹੈ। ਬਹੁਤ ਵੱਡੀ ਡਬਲ ਗਰਾਜ ਅਤੇ ਸਟੈਂਪਡ ਕੰਕ੍ਰੀਟ ਡਰਾਈਵੇਅ। ASKING $985,000.
MLS # 30790796
Call Joseph today 519-575-2777



IN - LAW SUITE 2018
Gated Executive Community
Large Custom Built Bungalow

"EXECUTIVE LARGE
FAMILY HOME IN-LAW SUITE"
MLS# 30781327

ਬਹੁਤ ਹੀ ਸੋਹਣਾ 6000 ਫੁੱਲੀ ਫਰਨੀਸ਼ਡ ਸੁਕੇਅਰ ਫੁੱਟ ਬੰਗਲਓ ਜਿਸ ਦੀ ਫੁੱਲੀ ਫਰਨੀਸ਼ਡ ਬੇਸਮੈਂਟ ਹੈ। ਵੱਡੇ ਪਰਿਵਾਰ ਲਈ ਬਹੁਤ ਹੀ ਵਧੀਆ ਘਰ। ਮੈਨ ਫਲੋਰ ਵਿੱਚ 3 ਵੱਡੇ ਬੈਡਰੂਮ ਹਨ। ਬਹੁਤ ਹੀ ਖੁੱਲੇ ਫੈਮਲੀ ਰੂਮ ਵਿੱਚ ਕਫਰਡ ਸਿਲਿੰਗ +ਗੇਸ ਫਾਇਰ ਪਲੇਸ। ਕਸਟਮ ਡਿਜਾਇਨ ਕੀਤੀ ਗਈ ਕਿਚਨ ਜਿਸ ਵਿੱਚ ਡਬਲ ਆਈਲੈਂਡ ਅਤੇ ਇਟੀਗ ਬਾਰ ਅਤੇ ਕਮਰਸ਼ੀਅਲ ਗਰੇਡ ਅਪਲਾਈਨਸੈਸ ਹਨ। ਡਾਇਨਿੰਗ ਕਮਰੇ ਵਿੱਚ ਲਗਭਗ 14 ਬੰਦੇ ਬੈਠ ਕੇ ਖਾਣਾ ਖਾ ਸਕਦੇ ਹਨ। ਫਿਨੀਸ਼ਡ ਟ੍ਰਿਪਲ ਗਰਾਜ। ਫੁੱਲੀ ਲੈਂਡਸਕੇਪਡ ਵੱਧੀਆ ਕਮਿਊਨਿਟੀ ਵਿੱਚ।
ASKING $1,550,000
Call Joseph today 519-575-2777



"BUILDERS / DEVELOPERS"
"23 LOT APPROVED SUBDIVISION"
"66 foot lots"

Incredible opportunity that will not last! This 23 lot approved sub division means you do not have to wait to build. All engineering is complete. Ready to go !
Asking $ 1,990,000
Call Joseph today 519-575-2777



End Unit Townhome

4 BEDROOM + 2 BATHROOM
END UNIT TOWN HOME
WITH FINISHED BASEMENT

ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 4 ਬੈਡਰੂਮ ਅਤੇ 2 ਵਾਸ਼ਰੂਮ ਦਾ ਐਂਡ ਯੂਨੀਟ ਟਾਊਨ ਹੋਮ ਅਤੇ ਫਿਨੀਸ਼ਡ ਬੇਸਮੈਂਟ। ਸਟੋਰੇਜ ਲਈ ਖੁੱਲੀ ਥਾਂ, ਫੈਂਸ ਬੈਕਯਾਰਡ ਅਤੇ 2 ਅੰਡਰ ਗਰਾਊਂਡ ਪਾਰਕਿੰਗ ਸਪਾਟ। ਕਿਚਨ ਵਿੱਚ ਗਰੇਨਾਈਟ ਕਾਊਨਟਰ ਟਾਪ ਅਤੇ ਓਪਨ ਕੰਸੇਪਟ। ਕਾਂਡੋ ਫਸਿ ਵਿੱਚ ਪਾਣੀ, ਕੇਬਲ ਅਤੇ ਸਾਰੀਆ ਅੰਦਰੀ ਬਿਲਡਿੰਗ ਦੀ ਸਾਂਭ ਸੰਭਾਲ ਦਾ ਖਰਚਾ ਸ਼ਾਮਲ ਹੈ। ਤੁਸੀ ਕਦੀ ਵੀ ਆ ਕੇ ਦੇਖ ਸਕਦੇ ਹੋ।
ASKING $549,0000
Call Joseph today 519-575-2777
MLS #30790510



BRAND NEW HOME

3 BEDROOM + 3 WASHROOM
BRAND NEW 2 STORY HOME

ਬਰੈਂਡ ਨੀਊ 2 ਸਟੋਰੀ ਘਰ ਜਿਸ ਵਿੱਚ 3 ਬੈਡਰੂਮ ਅਤੇ 3 ਵਾਸ਼ਰੂਮ ਹਨ ਅਤੇ ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੀਆਂ ਹਨ। ਰੋਸ਼ਨਦਾਰ ਅਤੇ ਖੁੱਲਾ ਫਲੋਰ ਪਲਾਨ। ਬਹੁਤ ਹੀ ਵੱਡੀ ਕਿਚਨ ਹੈ ਜਿਸ ਵਿੱਚ ਅਪਗ੍ਰੇਡਡ ਕੈਬਨੇਟ ਅਤੇ ਬਹੁਤ ਵੱਡਾ ਆਈਲੈਂਡ ਅਤੇ ਸੈਂਟਰ ਸਿੰਕ ਹੈ। ਮੈਨ ਫਲੋਰ ਵਿੱਚ ਟਾਈਲਾਂ ਅਤੇ ਅਪਗ੍ਰੇਡੇਡ ਲੈਮੀਨੇਟ ਫਲੋਰਿੰਗ ਹੈ। ਬਹੁਤ ਹੀ ਸੋਹਣੀ ਹਾਰਡਵੁਡ ਦੀ ਪੋੜੀਆਂ ਅਤੇ ਰੇਲਿੰਗ ਦੂਜੇ ਫਲੋਰ ਨੂੰ ਜਾਂਦੀ ਹੈ। ਦੂਜੇ ਫਲੋਰ ਵਿੱਚ 2 ਵੱਡੇ ਬੈਡਰੂਮ, ਲਾਂਡਰੀ ਰੂਮ ਅਤੇ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਡ ਵਾਕ ਇਨ ਕਲਾਜਟ ਅਤਟ ਇਨਸੂਟ ਵਾਸ਼ਰੂਮ ਹੈ।
MLS #30790214
ASKING $609,000
Call Joseph today 519-575-2777

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
Awards earned From 2000-2018

**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and are courteous and respectful. I recommend Joseph to anyone wanting to buy real estate. M. SAHA , Cambridge

## ਅ ਅੱਜ ਨਾਮਾ

ਜਲਸਾ ਕੀਤਾ ਸੀ ਜਿਹੜੀ ਥਾਂ ਬਾਦਲਾਂ ਨੇ,
ਮੁੜ ਕੇ ਭੀੜ ਸੀ ਓਧਰ ਨੂੰ ਆਈ ਮੀਆਂ।
ਅਰਦਾਸਾ ਕੀਤਾ ਸੀ ਉਨ੍ਹਾਂ ਤਾਂ ਢੀਂਡਸੇ ਦਾ,
ਰਸਮ ਓਹੋ ਜਿਹੀ ਇਨ੍ਹਾਂ ਵੀ ਪਾਈ ਮੀਆਂ।
ਫਰਕ ਏਨਾ ਕਿ ਗਲਤ ਕੁਝ ਮੰਗਿਆ ਨਾ,
ਰਸਮ ਅਕਲ ਦੀ ਲੱਗੇ ਭੁਗਤਾਈ ਮੀਆਂ।
ਕਹਿੰਦੇ, ਬਾਦਲ ਦੀ ਹੋਵੇ ਜੀ ਉਮਰ ਲੰਮੀ,
ਅਰਦਾਸ ਰੱਬ ਨੂੰ ਕੀਤੀ ਕਰਵਾਈ ਮੀਆਂ।
ਕੋਸਿਆ ਬਾਦਲ ਨੂੰ ਕਿਸੇ ਨੇ ਖਾਸ ਹੈ ਨਹੀਂ,
ਸਾਰਿਆਂ ਕਰਤੀ ਸੁਖਬੀਰ ਦੀ ਕੁੱਟ ਮੀਆਂ।
ਕਰਤੀ ਝੰਡ ਜਿਹੀ ਆੜੀਆਂ-ਬੇਲੀਆਂ ਦੀ,
ਨਵੀਂ ਨਸਲ ਦਾ ਜਿਹੜਾ ਉਹ ਗੁੱਟ ਮੀਆਂ।

**ਤੀਸ ਮਾਰ ਖਾਂ**

# ਬਾਦਲਾਂ ਦੀ ਰੈਲੀ ਵਾਲੀ ਜਗ੍ਹਾ ਉੱਤੇ ਢੀਂਡਸਿਆਂ ਦੀ ਅਗਵਾਈ ਹੇਠ ਭਾਜੀ-ਮੋੜ ਰੈਲੀ

*** ਸੁਖਬੀਰ ਸਿੰਘ ਬਾਦਲ ਨੂੰ ਪੰਥ ਵਿੱਚੋਂ ਛੇਕਣ ਦਾ ਮਤਾ ਪਾਸ**

ਸੰਗਰੂਰ, 23 ਫਰਵਰੀ, (ਪੋਸਟ ਬਿਊਰੋ)- ਬਾਦਲ ਅਕਾਲੀ ਦਲ ਵੱਲੋਂ ਪਿਛਲੇ ਦਿਨੀਂ ਸੰਗਰੂਰ ਵਿਚ ਜਾ ਕੇ ਕੀਤੀ ਰੈਲੀ ਦੀ ਭਾਜੀ ਮੋੜਨ ਲਈ ਢੀਂਡਸਾ ਪਿਓ-ਪੁੱਤਰ ਨੇ ਅੱਜ ਸੰਗਰੂਰ ਵਿਖੇ ਉਸੇ ਥਾਂ ਰੈਲੀ ਕਰ ਵਿਖਾਈ। ਅੱਜ ਦੀ ਰੈਲੀ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਪੰਥ ਵਿੱਚੋਂ ਛੇਕਣ ਦਾ ਮਤਾ ਪਾਸ ਕਰ ਦਿੱਤਾ ਗਿਆ। ਹੋਰ ਕਈ ਮਤੇ ਵੀ ਪਾਸ ਕੀਤੇ ਗਏ। ਰੈਲੀ ਵਿਚ ਢੀਂਡਸਾ ਪਿਓ-ਪੁੱਤਰ ਦੇ ਨਾਲ ਅਕਾਲੀ ਦਲ ਟਕਸਾਲੀ ਦੀ ਸਾਰੀ ਲੀਡਰਸ਼ਿਪ ਮੌਜੂਦ ਸੀ।

ਇਸ ਮੌਕੇ ਸੁਖਦੇਵ ਸਿੰਘ ਢੀਂਡਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਇਹ ਰੈਲੀ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲਾਂ ਦੇ ਕਬਜ਼ੇ ਤੋਂ ਛੁਡਾਉਣ ਲਈ ਤੇ ਮੌਜੂਦਾ ਸਰਕਾਰ ਦੇ ਕੀਤੇ ਝੂਠੇ ਵਾਅਦਿਆਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਹੈ। ਉਨ੍ਹਾਂ ਕਿਹਾ ਕਿ ਬਾਦਲ ਅਕਾਲੀ ਦਲ ਵਾਲੇ ਤਾਂ ਸਾਡੇ ਸਾਰੇ ਪਰਿਵਾਰ ਦਾ ਭੋਗ ਪਾ ਗਏ ਸਨ, ਪਰ ਅਸੀਂ ਉਨ੍ਹਾਂ ਦਾ ਭੋਗ ਨਹੀਂ ਪਾਵਾਂਗੇ, ਸਿਰਫ ਸਿਆਸੀ ਲੜਾਈ ਲੜਾਂਗੇ।

ਅੱਜ ਦੀ ਇਸ ਰੈਲੀ ਦੌਰਾਨ ਸੁਖਦੇਵ ਸਿੰਘ ਢੀਂਡਸਾ ਦੇ ਵਿਧਾਇਕ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੇ ਬਾਦਲ ਪਰਵਾਰ ਉੱਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਬਾਦਲ ਪਰਵਾਰ ਨੇ ਨਿੱਜੀ ਹਿੱਤਾਂ ਲਈ ਸਿੱਖ ਕੌਮ ਦਾ ਵੱਕਾਰ ਦਾਅ ਉੱਤੇ ਲਾ ਦਿਤਾ ਹੈ। ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਬਾਦਲਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਉਣ ਦਾ ਪ੍ਰਣ ਕਰਦੇ ਹੋਏ ਉਨ੍ਹਾਂ ਕਿਹਾ ਕਿ ਬਾਦਲਾਂ ਨੇ ਸਾਡੇ ਪਰਵਾਰ ਉੱਤੇ ਕਾਂਗਰਸ ਨਾਲ ਮਿਲੇ ਹੋਣ ਦੇ ਦੋਸ਼ ਲਾਏ ਹਨ, ਸੱਚਾਈ ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ ਕਿ ਕਾਂਗਰਸ ਨਾਲ ਕੌਣ ਰਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਬਰਗਾੜੀ ਤੇ ਬਹਿਬਲ ਕਲਾਂ ਕਾਂਡ ਦੀ ਜਾਂਚ ਕਿਸ ਦੇ ਕਹਿਣ ਉੱਤੇ ਕਾਂਗਰਸ ਨੇ ਰੋਕੀ ਹੈ। ਦੋਵਾਂ ਪਰਵਾਰਾਂ ਨੇ 25 ਸਾਲ ਪੰਜਾਬ ਉੱਤੇ ਰਾਜ ਕੀਤਾ ਹੈ, ਜਿਸ ਕਾਰਨ ਦੋਵਾਂ ਪਾਰਟੀਆਂ ਵਿੱਚ ਇਨ੍ਹਾਂ ਤੋਂ ਬਿਨਾ ਕਿਸੇ ਦੀ ਨਹੀਂ ਚੱਲਦੀ।



ਪਰਮਿੰਦਰ ਸਿੰਘ ਨੇ ਕਿਹਾ ਕਿ ਅਕਾਲੀ ਦਲ ਦੀ ਸਹੀ ਅਗਵਾਈ ਕੌਣ ਕਰੇ, ਇਹ ਫ਼ੈਸਲਾ ਲੋਕਾਂ ਉੱਤੇ ਛੱਡ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਬੰਧਕ ਸੁਚੱਜੇ ਢੰਗ ਨਾਲ ਚਲਾਉਣ ਲਈ ਧਰਮ ਦੀ ਸੇਵਾ ਵਾਲੇ ਲੋਕਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਤਾਂ ਸ਼੍ਰੋਮਣੀ ਕਮੇਟੀ ਚੋਣਾਂ ਕਿਸੇ ਸਮੇਂ ਵੀ ਕਰਾਉਣ ਦੀ ਡੀਂਗ ਮਾਰਦਾ ਹੈ, ਜੇ ਸਚਮੁੱਚ ਉਹ ਏਦਾਂ ਕਰਨਾ ਚਾਹੁੰਦੇ ਹਨ ਤਾਂ ਅਕਾਲੀ ਦਲ ਵਲੋਂ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਨੂੰ ਕਿਉਂ ਨਹੀਂ ਭੇਜਦੇ।

ਰੈਲੀ ਦੇ ਮੰਚ ਤੋਂ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਇਸੇ ਥਾਂ ਢੀਂਡਸਾ ਪਰਵਾਰ ਦਾ ਭੋਗ ਪਾਉਣ ਦਾ ਐਲਾਨ ਕਰ ਕੇ ਗਏ ਸਨ, ਇਹ ਉਨ੍ਹਾਂ ਦੀ ਅਕਲ ਸੀ, ਅਸੀਂ ਪ੍ਰਕਾਸ਼ ਸਿੰਘ ਬਾਦਲ ਦੀ ਲੰਮੀ ਉਮਰ ਦੀ ਅਰਦਾਸ ਕਰਦੇ ਹਾਂ ਤਾਂ ਜੋ ਉਹ ਪੰਜਾਬ ਦੇ ਲੋਕਾਂ ਵੱਲੋਂ ਕੀਤਾ ਜਾਂਦਾ ਫ਼ੈਸਲਾ ਵੇਖ ਸਕਣ। ਇਸ ਦੌਰਾਨ ਬਿਜਲੀ ਬੋਰਡ ਦੇ ਸਾਬਕਾ ਏ ਐੱਮ ਗੁਰਬਚਨ ਸਿੰਘ ਬਚੀ ਵੱਲੋਂ ਪੇਸ਼ ਮਤਿਆਂ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਪੰਥ ਤੋਂ ਛੇਕਣ ਦਾ ਮਤਾ ਵੀ ਪਾਸ ਕਰ ਦਿੱਤਾ ਗਿਆ, ਜਿਸ ਨੂੰ ਹਾਜ਼ਰ ਲੋਕਾਂ ਨੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨਗੀ ਦਿੱਤੀ।

ਰੈਲੀ ਨੂੰ ਸੰਬੋਧਨ ਕਰਦੇ ਹੋਏ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਕਿ ਬਰਗਾੜੀ ਤੇ ਬਹਿਬਲ ਕਲਾਂ ਕਾਂਡ ਲਈ ਬਾਦਲ ਪਰਵਾਰ ਪੰਜਾਬ ਦੇ ਲੋਕਾਂ ਤੋਂ ਮੁਆਫ਼ੀ ਮੰਗੇ, ਇਸ ਤੋਂ ਬਿਨਾਂ ਸੁਖਬੀਰ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ ਦਾ ਖਹਿੜਾ ਨਹੀਂ ਛੁੱਟੇਗਾ। ਸੇਵਾ ਸਿੰਘ ਸੇਖਵਾਂ ਨੇ ਕਿਹਾ ਕਿ ਢੀਂਡਸਾ ਪਰਿਵਾਰ ਦਾ ਭੋਗ ਪਾਉਣ ਵਾਲੇ ਸੁਖਬੀਰ ਸਿੰਘ ਦੇ ਹੰਕਾਰ ਦਾ ਭੋਗ ਸੰਗਰੂਰ ਦੀ ਜਨਤਾ ਨੇ ਪਾ ਦਿੱਤਾ ਹੈ। ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਗੁਰੂ ਘਰਾਂ ਦੇ ਪੈਸੇ ਨਾਲ ਆਪਣੀਆਂ ਬਿਲਡਿੰਗਾਂ ਉਸਾਰਦਾ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਪਾਗਲਾਂ ਦਾ ਪ੍ਰਧਾਨ ਹੈ। ਭਾਈ ਰਣਜੀਤ ਸਿੰਘ ਨੇ ਮੋਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਉਸ ਵੇਲੇ ਸੁਖਬੀਰ ਸਿੰਘ ਬਾਦਲ ਦੇ ਚਹੇਤਿਆਂ ਨੂੰ ਮਾਲ ਬਣਾਉਣ ਲਈ ਵੇਚੀ ਸੀ।

# ਨਾਗਰਿਕਤਾ ਸੋਧ ਕਾਨੂੰਨ: ਹਮਾਇਤੀਆਂ ਤੇ ਵਿਰੋਧੀਆਂ ਵਿਚਾਲੇ ਹਿੰਸਾ ਪਿੱਛੋਂ ਅਲੀਗੜ੍ਹ ਵਿੱਚ ਇੰਟਰਨੈੱਟ ਸੇਵਾਵਾਂ ਬੰਦ

*** ਦਿੱਲੀ ਦੇ ਜਾਫਰਾਬਾਦ ਵਿੱਚ ਪ੍ਰਦਰਸ਼ਨਕਾਰੀ ਆਪਸ ਵਿੱਚ ਭਿੜੇ**



ਅਲੀਗੜ੍ਹ, 23 ਫਰਵਰੀ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਵਿੱਚ ਹਿੰਸਾ ਤੋਂ ਬਾਅਦ ਅੱਜ ਐਤਵਾਰ ਸ਼ਾਮ ਨੂੰ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ ਅਤੇ ਸਥਿਤੀ ਤਨਾਅ ਵਾਲੀ ਹੈ।

ਮਿਲੀ ਜਾਣਕਾਰੀ ਮੁਤਾਬਕ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦੇ ਵਿਰੋਧ ਲਈ ਕੀਤੇ ਜਾ ਰਹੇ ਪ੍ਰਦਰਸ਼ਨ ਮੌਕੇ ਅੱਜ ਕੁਝ ਨੌਜਵਾਨਾਂ ਨੇ ਤੁਕਮਾਰਨ ਗੇਟ ਉੱਤੇ ਵਿਖੇ ਨਵਦੁਰਗਾ ਮੰਦਰ ਉੱਤੇ ਪੱਥਰਬਾਜ਼ੀ ਕਰ ਦਿੱਤੀ ਤਾਂ ਉਸ ਤੋਂ ਬਾਅਦ ਤਣਾਅ ਨੂੰ ਦੇਖਦੇ ਹੋਏ ਵੱਡੀ ਗਿਣਤੀ ਵਿੱਚ ਪੁਲਸ ਤਾਇਨਾਤ ਕਰ ਦਿੱਤੀ ਹੈ। ਪੁਲਸ ਸੂਤਰਾਂ ਦੇ ਮੁਤਾਬਕ ਸ਼ਾਹ ਜਮਾਲ ਈਦਗਾਹ ਦੇ ਸਾਹਮਣੇ ਸੀ ਏ ਏ ਦੇ ਵਿਰੋਧ ਵਿੱਚ ਔਰਤਾਂ, ਬੱਚੇ ਅਤੇ ਮਰਦ ਪ੍ਰਦਰਸ਼ਨ ਕਰ ਕੇ ਸਰਕਾਰ ਵਿਰੋਧੀ ਨਾਅਰੇ ਲਾ ਰਹੇ ਸਨ। ਇਸ ਮੌਕੇ ਉਮਰਕੋਟ ਖੇਤਰ ਦੇ ਮੁਸਲਿਮ ਇਲਾਕਿਆਂ ਦੇ ਬਾਜ਼ਾਰ ਬੰਦ ਰਹੇ। ਦੂਸਰੇ ਪਾਸੇ ਬਾਈਪਾਸ ਉੱਤੇ ਨਾਦਾ ਪੁਲ ਨੇੜੇ ਭੀਮ ਆਰਮੀ ਵੱਲੋਂ ਭਾਰਤ ਬੰਦ ਦੇ ਸੱਦੇ ਉੱਤੇ ਲੋਕਾਂ ਦੇ ਇਕ ਗਰੁੱਪ ਨੇ ਜਾਮ ਲਾ ਦਿੱਤਾ।

ਪਤਾ ਲੱਗਾ ਕਿ ਸੀ ਏ ਏ ਅਤੇ ਐੱਨ ਆਰ ਸੀ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਕਰੀਬ ਦੋ ਵਜੇ ਕੁਝ ਨੌਜਵਾਨਾਂ ਨੇ ਤੁਰਕਮਾਨ ਗੇਟ ਉੱਤੇ ਪੁਰਾਣੇ ਨਵਦੁਰਗਾ ਪਥਰਾਵੀ ਮੰਦਰ ਉੱਤੇ ਪੱਥਰ ਮਾਰਨੇ ਸ਼ੁਰੂ ਕਰ ਦਿੱਤੀ। ਓਥੇ ਆਏ ਪੁਲਸ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਲੋਕਾਂ ਨੂੰ ਸਮਝਾ ਕੇ ਮਾਮਲਾ ਸ਼ਾਂਤ ਕੀਤਾ ਅਤੇ ਤਣਾਅ ਨੂੰ ਦੇਖ ਕੇ ਪੁਲਸ ਤਾਇਨਾਤ ਕਰ ਦਿੱਤੀ ਗਈ, ਪਰ ਇਹ ਤਨਾਅ ਰਾਤ ਤੱਕ ਵੀ ਜਾਰੀ ਰਿਹਾ।

ਓਧਰ ਰਾਜਧਾਨੀ ਦਿੱਲੀ ਵਿੱਚ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਬਾਰੇ ਅੱਜ ਐਤਵਾਰ ਵਿਰੋਧ ਪ੍ਰਦਰਸ਼ਨ ਤੇਜ਼ ਹੋ ਗਿਆ ਹੈ ਅਤੇ ਜਾਫਰਾਬਾਦ ਤੋਂ ਪਿੱਛੋਂ ਦਿੱਲੀ ਦੇ ਮੌਜਪੁਰ ਵਿੱਚ ਦੋ ਧਿਰਾਂ ਵਿਚਾਲੇ ਪੱਥਰਬਾਜ਼ੀ ਦੀ ਘਟਨਾ ਵੀ ਵਾਪਰ ਗਈ। ਮਿਲੀ ਜਾਣਕਾਰੀ ਮੁਤਾਬਕ ਇਸ ਦੌਰਾਨ ਪੁਲਸ ਨੇ ਹੰਝੂ ਗੈਸ ਦੇ ਗੋਲੇ ਸੁੱਟੇ ਅਤੇ ਮੌਜਪੁਰ ਚੌਰਾਹੇ ਨੇੜੇ ਰੋਸ ਕਰ ਰਹੀ ਭੀੜ ਅਤੇ ਉਸ ਦੇ ਵਿਰੋਧੀ ਧੜੇ ਨੇ ਇਕ-ਦੂਜੇ ਉੱਤੇ ਪਥਰਾਅ ਕੀਤਾ। ਪੁਲਸ ਨੇ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਹਾਲਾਤ ਕਾਬੂ ਤੋਂ ਬਾਹਰ ਹੁੰਦੇ ਵੇਖ ਕੇ ਭੀੜ ਨੂੰ ਭਜਾਉਣ ਲਈ ਹੰਝੂ ਗੈਸ ਦੇ ਗੋਲੇ ਸੁੱਟੇ।

ਪਤਾ ਲੱਗਾ ਹੈ ਕਿ ਜਾਫਰਾਬਾਦ ਵਿੱਚ ਸੀ ਏ ਏ ਵਿਰੁੱਧ ਹੁੰਦੇ ਪ੍ਰਦਰਸ਼ਨ ਦੇ ਵਿਰੁੱਧ ਭਾਜਪਾ ਨੇਤਾ ਕਪਿਲ ਮਿਸ਼ਰਾ ਆਪਣੇ ਸਮਰਥਕਾਂ ਨਾਲ ਸੜਕ ਉੱਤੇ ਆਣ ਨਿਕਲੇ। ਕਪਿਲ ਅਤੇ ਉਨ੍ਹਾਂ ਦੇ ਸਮਰਥਕ ਜਦੋਂ ਮੌਜਪੁਰ ਮੈਟਰੋ ਸਟੇਸ਼ਨ ਨੇੜੇ ਗਏ ਤਾਂ ਭੀਮ ਆਰਮੀ ਦੇ ਸਮਰਥਕਾਂ ਨਾਲ ਉਨ੍ਹਾਂ ਦਾ ਸਾਹ-ਮਣਾ ਹੋ ਗਿਆ। ਇਸ ਮੌਕੇ ਕੁਝ ਲੋਕਾਂ ਵਿਚਾਲੇ ਪਥਰਾਅ ਸ਼ੁਰੂ ਹੋ ਗਿਆ। ਪੁਲਸ ਨੇ ਕਿਸੇ ਤਰ੍ਹਾਂ ਹਾਲਾਤ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਹਾਲਾਤ ਵਿਗੜਦੇ ਦੇਖੇ ਤਾਂ ਜਾਫਰਾਬਾਦ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਵਾਧੂ ਪੁਲਸ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ।

# ਭਾਰਤੀ ਫ਼ੌਜ ਵੱਲੋਂ ਜਵਾਬੀ ਕਾਰਵਾਈ ਦੇ ਕਾਰਨ ਪਾਕਿਸਤਾਨੀ ਫੌਜ ਦਬਾਅ ਹੇਠ ਆਈ

*** ਪਾਕਿ ਕਬਜ਼ੇ ਵਾਲੀ ਲੀਪਾ ਤੇ ਨੀਲਮ ਘਾਟੀ ਦਾ ਸੜਕ ਸੰਪਰਕ ਟੁੱਟਾ**



ਸ੍ਰੀਨਗਰ, 23 ਫਰਵਰੀ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਭਾਰਤ ਦੌਰੇ ਤੋਂ ਸਿਰਫ ਇਕ ਦਿਨ ਪਹਿਲਾਂ ਸ਼ਨਿਚਰਵਾਰ ਰਾਤ ਪਾਕਿਸਤਾਨੀ ਫ਼ੌਜ ਨੇ ਕੰਟਰੋਲ ਲਾਈਨ (ਐੱਲ ਓ ਸੀ) ਉੱਤੇ ਤਣਾਅ ਵਧਾਉਣ ਵਾਸਤੇ ਉੱਤਰੀ ਕਸ਼ਮੀਰ ਦੇ ਕੁਪਵਾੜਾ ਜ਼ਿਲ੍ਹੇ ਦੇ ਤੰਗ-ਧਾਰ ਵਿਚ ਭਾਰੀ ਗੋਲ਼ਾਬਾਰੀ ਕਰ ਦਿੱਤੀ। ਪਾਕਿ-ਸਤਾਨ ਦੀ ਇਸ ਸਾਜ਼ਿਸ਼ ਬਾਰੇ ਪਹਿਲਾਂ ਤੋਂ ਚੌਕਸ ਭਾਰਤੀ ਫੌਜਾਂ ਨੇ ਸਰਹੱਦ ਪਾਰ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ (ਪੀ ਓ ਕੇ) ਵਿਚ ਨੀਲਮ ਤੇ ਲੀਪਾ ਘਾਟੀ ਵਿਚ ਉਨ੍ਹਾਂ ਦੀਆਂ ਨਿਗਰਾਨੀ ਚੌਕੀਆਂ ਉੱਤੇ ਸਟੀਕ ਕਾਰਵਾਈ ਕੀਤੀ। ਮਿਲੀ ਜਾਣਕਾਰੀ ਮੁਤਾਬਕ ਇਸ ਕਾਰਵਾਈ ਵਿਚ ਨੀਲਮ ਤੇ ਲੀਪਾ ਘਾਟੀ ਦਾ ਸੜਕ ਸੰਪਰਕ ਵੀ ਟੁੱਟ ਗਿਆ ਹੈ। ਪਤਾ ਲੱਗਾ ਹੈ ਕਿ ਭਾਰਤੀ ਫ਼ੌਜ ਨੇ ਇਸ ਇਲਾਕੇ ਵਿਚ ਅੱਤਵਾਦੀਆਂ ਦੇ ਲਾਂਚ ਪੈਡਾਂ ਨੂੰ ਵੀ ਨਿਸ਼ਾਨਾ ਬਣਾਇਆ ਹੈ।

ਵਰਨਣ ਯੋਗ ਹੈ ਕਿ ਜੰਮੂ-ਕਸ਼ਮੀਰ ਵਿਚ ਮੌਸਮ ਬਦਲ ਰਿਹਾ ਹੈ ਤੇ ਪਹਾੜਾਂ ਉੱਤੇ ਬਰਫ਼ ਪਿਘਲਣ ਨਾਲ ਰਸਤੇ ਖੁੱਲ੍ਹਣ ਲੱਗੇ ਵੇਖ ਕੇ ਅੱਤਵਾਦੀਆਂ ਦੀ ਘੁਸਪੈਠ ਕਰਵਾਉਣ ਲਈ ਪਾਕਿਸਤਾਨ ਪਿਛਲੇ ਕੁਝ ਦਿਨਾਂ ਤੋਂ ਉਨ੍ਹਾਂ ਨੂੰ ਲਾਂਚਿੰਗ ਪੈਡ ਉੱਤੇ ਇਕੱਠਾ ਕਰ ਰਿਹਾ ਹੈ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਦੇ ਭਾਰਤ ਦੌਰੇ ਨੂੰ ਦੇਖਦੇ ਹੋਏ ਪਾਕਿਸਤਾਨ ਨੇ ਸਰਹੱਦ ਉੱਤੇ ਹਲਚਲ ਹੋਰ ਤੇਜ਼ ਕਰ ਦਿੱਤੀ ਹੈ। ਦੋ ਦਿਨ ਪਹਿਲਾਂ ਪਾਕਿਸਤਾਨ ਨੇ ਭਾਰੀ ਗੋਲ਼ਾਬਾਰੀ ਕੀਤੀ ਸੀ, ਜਿਸ ਦਾ ਭਾਰਤ ਨੇ ਕਰਾਰਾ ਜਵਾਬ ਦਿੱਤਾ ਤੇ ਪੰਜ ਪਾਕਿਸਤਾਨੀ ਫ਼ੌਜੀ ਮਾਰ ਦਿੱਤੇ ਅਤੇ ਸੱਤ ਜਵਾਨ ਜ਼ਖ਼ਮੀ ਹੋਏ ਸਨ।

# ਸੁੱਖਾ ਕਾਹਲਵਾਂ ਉੱਤੇ ਬਣੀ ਫ਼ਿਲਮ 'ਸ਼ੂਟਰ' ਉੱਤੇ ਰੋਕ ਦੇ ਵਿਰੁੱਧ ਹਾਈ ਕੋਰਟ ਨੂੰ ਅਰਜ਼ੀ

ਚੰਡੀਗੜ੍ਹ, 23 ਫਰਵਰੀ (ਪੋਸਟ ਬਿਊਰੋ)- ਪੰਜਾਬੀ ਫ਼ਿਲਮ 'ਸ਼ੂਟਰ' ਦੇ ਰਿਲੀਜ਼ ਹੋਣ ਤੋਂ ਪਹਿਲਾਂ ਵਿਵਾਦਾਂ ਵਿੱਚ ਘਿਰਨ ਦਾ ਕੇਸ ਪੰਜਾਬ ਹਰਿਆਣਾ ਹਾਈ ਕੋਰਟ ਪਹੁੰਚ ਗਿਆ ਹੈ। ਇਹ ਫ਼ਿਲਮ ਗੈਂਗਸਟਰ ਸੁੱਖਾ ਕਾਹਲਵਾਂ ਦੇ ਜੀਵਨ ਉੱਤੇ ਆਧਾਰਤ ਦੱਸੀ ਜਾ ਰਹੀ ਹੈ, ਜਿਸ ਉੱਤੇ ਪੰਜਾਬ ਸਰਕਾਰ ਨੇ 10 ਫਰਵਰੀ ਨੂੰ ਰੋਕ ਲਾ ਦਿੱਤੀ ਸੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 'ਸ਼ੂਟਰ' ਉੱਤੇ ਰੋਕ ਲਾਉਣ ਦੇ ਆਦੇਸ਼ ਜਾਰੀ ਕਰ ਕੇ ਇਸ ਨੂੰ ਹਿੰਸਾ, ਘਿਨਾਉਣੇ ਅਪਰਾਧ, ਬਲਾਤਕਾਰ, ਧਮਕੀਆਂ ਤੇ ਅਪਰਾਧਕ ਘਟਨਾਵਾਂ ਨੂੰ ਉਤਸ਼ਾਹਤ ਕਰਨ ਵਾਲੀ ਕਿਹਾ ਸੀ। ਫ਼ਿਲਮ ਦੇ ਨਿਰਮਾਤਾ ਕੇਵਲ ਸਿੰਘ ਨੇ ਇਸ ਰੋਕ ਨੂੰ ਗੈਰ-ਕਾਨੂੰਨੀ ਦੱਸਿਆ ਹੈ। ਉਨ੍ਹਾਂ ਇਸ ਬਾਰੇ ਹਾਈ ਕੋਰਟ ਨੂੰ ਦਾਇਰ ਅਰਜ਼ੀ ਵਿੱਚ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਫ਼ਿਲਮ ਦੇ ਸਿਲਵਰ ਸਕਰੀਨ ਉੱਤੇ ਆਉਣ ਤੋਂ ਪਹਿਲਾਂ ਇਸ ਉੱਤੇ ਰੋਕ ਲਾ ਕੇ ਸੰਵਿਧਾਨ ਵਿੱਚ ਮਿਲੇ ਅਧਿਕਾਰਾਂ ਦਾ ਵੀ ਉਲੰਘਣ ਕੀਤਾ ਹੈ। ਦਿਲਸ਼ੇਰ ਸਿੰਘ ਤੇ ਖੁਸ਼ਪਾਲ ਸਿੰਘ ਵੱਲੋਂ ਨਿਰਦੇਸ਼ਤ ਕੀਤੀ ਫਿਲਮ 'ਸ਼ੂਟਰ' ਉੱਤੇ ਪੰਜਾਬ ਸਰਕਾਰ ਦੀ ਰੋਕ ਨਾਜਾਇਜ਼ ਦੱਸ ਕੇ ਅਪੀਲ ਕਰਤਾ ਨੇ ਕਿਹਾ ਕਿ ਉਨ੍ਹਾਂ ਇਸ ਫ਼ਿਲਮ ਦਾ ਸਰਟੀਫਿਕੇਟ ਸੈਂਸਰ ਬੋਰਡ ਤੋਂ ਲੈਣ ਲਈ ਅਪਲਾਈ ਕੀਤਾ ਹੈ, ਪਰ ਸਰਕਾਰ ਨੇ ਸੈਂਸਰ ਬੋਰਡ ਦਾ ਫੈਸਲਾ ਆਉਣ ਤੋਂ ਪਹਿਲਾਂ ਰੋਕ ਲਾ ਦਿੱਤੀ ਸੀ। ਉਨ੍ਹਾਂ ਨੇ ਇਸ ਫ਼ਿਲਮ ਨਾਲ ਜੁੜੇ ਹੋਏ ਲੋਕਾਂ ਨੂੰ ਧਮਕਾਉਣ ਦੇ ਵੀ ਦੋਸ਼ ਲਾਏ ਹਨ।







Paramjit Deol Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Toronto $2,150** For Lease
**Bathurst & Lake Shore:** Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen, Stainless Steel Appliances, Granite Counter, Ensuite Laundry, Amenities Included, Gym, Media Room, Roof Top Terrance.

**Toronto $179,000**
**6464 Yonge St 128:** Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month, Very Low Rent

**Vaughan $219,000**
Photo Not Available
**120 Whitmore Rd 15:** Well Established Dry Cleaner Depot, Turn Key Operation, Prime Location In Vaughan, 16 Years In Business, State Of The Art Equipment, Great Clientele, Sales Are $4,500 Per Week As Per Seller, Very Low Rent 3,200.

**Mississauga $199,900**
Techlogics
**5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Mississauga $299,000**
GINO'S PIZZA
**136 Queen St S 2:** Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Brampton $249,000**
Photo Not Available
**373 Steeles Ave W 1 :** Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**Shelburne $399,999**
**328 Centre St:** This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Waterloo $399,000**
Photo Not Available
**Hickory & Hemlock:** Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Mississauga $399,900**
Photo Not Available
**7120 Pacific Circ B:** Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Sales Are $900,000/Year As Per Seller.

**Burlington $2,650,000**
**Northshore Blvd To Eagle :**Exceptional 2-Storey In One Of Burlington's Most Sought-After Communities South Aldershot!Walking Distance To Burlington Golf Club And Lake Original Bungalow Completely Demolished (Except For Solarium) And Rebuilt, With New Upper Level Breath Taking View Of The Lake New Plumbing

**Mississauga $1,699,000**
**Qew And Hurontario :**Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home , Build The Perfect Home To Your Taste In A Cosy Cul-De-Sac. Located In One Of Mississauga Sought Off Areas.

**Oshawa $659,000**
Photo Not Available
**150 Windfields Farm Dr 86:**Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $899,900**
**29 Phillip Ave:**
For any information call Paramjeet Deol at 905-405-8484.

**Brampton $983,000**
**87 Earlsbridge Blvd:** This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000**
**Mavis/Derry:**Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd In Liv/Din, Hdwd Stairs.

**Brampton $1,900,000**
Photo Not Available
**115 Orenda Rd:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

# ਵੱਡੀਆਂ ਕਾਰਾਂ ਦੇ ਸ਼ੌਕ ਨੇ ਨੈਨੋ ਫੇਲ੍ਹ ਕੀਤੀ: ਗੋਇਨਕਾ



ਮੁੰਬਈ, 23 ਫਰਵਰੀ (ਪੋਸਟ ਬਿਊਰੋ)- ਭਾਰਤ 'ਚ ਲੋਕ ਇਕੱਲੇ ਚਲਾਉਣ ਲਈ ਜ਼ਰੂਰਤ ਤੋਂ ਵੱਡੀ ਕਾਰ ਦੀ ਵਰਤੋਂ ਕਰਦੇ ਹਨ। ਭਾਰਤੀਆਂ ਦੇ ਇਸ ਸ਼ੌਕ ਕਾਰਨ ਟਾਟਾ ਦੀ ਨੈਨੋ ਕਾਰ ਬਾਜ਼ਾਰ 'ਚ ਆਪਣੀ ਜਗ੍ਹਾ ਬਣਾਉਣ 'ਚ ਅਸਫਲ ਰਹੀ ਹੈ। ਆਈ ਆਈ ਟੀ ਕਾਨਪੁਰ ਵੱਲੋਂ ਕਰਵਾਏ ਪ੍ਰੋਗਰਾਮ ਵਿੱਚ ਮਹਿੰਦਰਾ ਐਂਡ ਮਹਿੰਦਰਾ ਦੇ ਚੇਅਰਮੈਨ ਪਵਨ ਗੋਇਨਕਾ ਨੇ ਇਹ ਗੱਲ ਕਹੀ ਹੈ। ਉਨ੍ਹਾਂ ਕਿਹਾ ਕਿ ਆਟੋਮੋਬਾਈਲ ਇੰਡਸਟਰੀ ਇੰਡਸਟਰੀ ਪ੍ਰਦੂਸ਼ਣ 'ਚ ਵਾਧਾ ਕਰਦੀ ਹੈ। ਇਸ ਪ੍ਰਦੂਸ਼ਣ ਨੂੰ ਘਟਾਉਣ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ।

ਵਰਨਣ ਯੋਗ ਹੈ ਕਿ ਟਾਟਾ ਮੋਟਰਜ਼ ਨੇ ਇੱਕ ਲੱਖ ਰੁਪਏ ਵਾਲੀ 600 ਸੀ ਸੀ ਨੈਨੋ ਕਾਰ ਬਣਾਈ ਸੀ। ਗਾਹਕਾਂ ਤੋਂ ਚੰਗੀ ਪ੍ਰਤੀਕਿਰਿਆ ਨਾ ਮਿਲਣ ਕਾਰਨ ਕੰਪਨੀ ਨੇ ਇਸ ਦਾ ਉਤਪਾਦਨ ਰੋਕ ਦਿੱਤਾ। ਪਵਨ ਗੋਇਨਕਾ ਨੇ ਸਾਧਨਾਂ ਦੀ ਬਰਬਾਦੀ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ 65-70 ਕਿਲੋ ਵਜ਼ਨ ਵਾਲਾ ਭਾਰਤੀ ਵਿਅਕਤੀ 1500 ਕਿਲੋਗਰਾਮ ਵਜ਼ਨ ਦੀ ਕਾਰ ਵਿੱਚ ਇਕੱਲਾ ਸਫਰ ਕਰਦਾ ਹੈ। ਸਾਨੂੰ ਨਿੱਜੀ ਆਵਾਜਾਈ ਲਈ ਹਲਕੇ ਵਾਹਨਾਂ ਦੀ ਲੋੜ ਹੈ। ਇਸ ਦੇ ਮੱਦੇਨਜ਼ਰ ਸਾਡੀ ਕੰਪਨੀ ਨੇ ਇਅਕ ਛੋਟੀ ਕਾਰ ਪੇਸ਼ ਕੀਤੀ ਹੈ, ਜੋ ਜਲਦ ਹੀ ਬਾਜ਼ਾਰ 'ਚ ਉਤਾਰੀ ਜਾਵੇਗੀ। ਪ੍ਰਦੂਸ਼ਣ ਬਾਰੇ ਗੋਇਨਕਾ ਨੇ ਕਿਹਾ ਕਿ ਕੁੱਲ ਕਾਰਬਨ ਦੇ ਸੱਤ ਫੀਸਦੀ ਤੇ ਪੀ ਐਮ 2.5 ਦੇ ਪੰਜਵੇਂ ਹਿੱਸੇ ਦੇ ਬਰਾਬਰ ਪ੍ਰਦੂਸ਼ਣ ਆਟੋਮੋਬਾਈਲਸ ਵੱਲੋਂ ਫੈਲਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਨੂੰ ਘਟਾਉਣ ਲਈ ਆਟੋ ਸੈਕਟਰ ਨੂੰ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਗੋਇਨਕਾ ਨੇ ਕਿਹਾ ਕਿ ਇਲੈਕਟ੍ਰਾਨਿਕ ਵਾਹਨਾਂ ਦੇ ਮਾਮਲੇ ਵਿਚ ਅਸੀਂ ਹਾਲੇ ਚੀਨ ਤੋਂ ਪੰਜ ਸਾਲ ਪਿੱਛੇ ਹਾਂ। ਪਿਛਲੇ ਸਾਲ ਇਥੇ ਸਿਰਫ 1400 ਈ-ਕਾਰਾਂ ਵਿਕੀਆਂ, ਪਰ ਘਰੇਲੂ ਪੱਧਰ 'ਤੇ ਬੈਟਰੀ, ਚਾਰਜਿੰਗ ਤੇ ਦੋਪਹੀਆ, ਤਿੰਨ ਪਹੀਆ ਵਾਹਨਾਂ ਦੇ ਵਿਕਾਸ 'ਤੇ ਕਾਫੀ ਕੰਮ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਆਰਥਿਕ ਵਿਕਾਸ 'ਚ ਆਟੋ ਇੰਡਸਟਰੀ ਦੀ ਅਹਿਮ ਭੂਮਿਕਾ ਹੈ। ਦੇਸ਼ ਦੇ ਅਰਥਚਾਰੇ ਨੂੰ ਪੰਜ ਲੱਖ ਕਰੋੜ ਡਾਲਰ ਤੱਕ ਪਹੁੰਚਾਉਣ ਲਈ ਮੈਨੂਫੈਕਚਰਿੰਗ ਸੈਕਟਰ ਨੂੰ ਇੱਕ ਲੱਖ ਕਰੋੜ ਡਾਲਰ ਦਾ ਯੋਗਦਾਨ ਦੇਣਾ ਹੋਵੇਗਾ। ਇਸ ਲਈ ਆਟੋ ਸੈਕਟਰ ਨੂੰ ਅਗਲੇ ਪੰਜ ਸਾਲਾਂ ਦੌਰਾਨ 14 ਫੀਸਦੀ ਦੀ ਵਿਕਾਸ ਦਰ ਦਰਜ ਕਰਨੀ ਪਵੇਗੀ।

# ਪੰਜਾਬ ਸਰਕਾਰ ਅਨਵਰ ਮਸੀਹ ਤੇ ਮਜੀਠੀਆ ਦੇ ਸਬੰਧਾਂ ਦੀ ਜਾਂਚ ਕਰਾਏਗੀ

ਚੰਡੀਗੜ੍ਹ, 23 ਫਰਵਰੀ (ਪੋਸਟ ਬਿਊਰੋ)- ਵਿਸ਼ੇਸ਼ ਟਾਸਕ ਫੋਰਸ (ਐਸ ਟੀ ਐਫ) ਵੱਲੋਂ ਅੰਮ੍ਰਿਤਸਰ ਤੋਂ 197 ਕਿਲੋ ਹੈਰੋਇਨ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਅਕਾਲੀ ਆਗੂ ਅਨਵਰ ਮਸੀਹ ਤੇ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਭੂਮਿਕਾ ਤੇ ਸੰਬਧਾਂ ਦੀ ਜਾਂਚ ਕਰਾਈ ਜਾਵੇਗੀ।

ਇਸ ਸੰਬੰਧ ਵਚਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਵਿੱਚ ਜ਼ੀਰੋ ਆਵਰ ਦੌਰਾਨ ਭਰੋਸਾ ਦਿੱਤਾ ਹੈ। ਉਨਹਾ ਦੇ ਇਸ ਐਲਾਨ ਨਾਲ ਬਿਕਰਮ ਸਿੰਘ ਮਜੀਠੀਆ ਦੀ ਮੁਸੀਬਤ ਵਧ ਸਕਦੀ ਹੈ। ਕਾਂਗਰਸੀ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਕਿਹਾ ਕਿ ਅਨਵਰ ਮਸੀਹ ਨਸ਼ੇ ਦੀ ਵੱਡੀ ਖੇਪ ਦੇ ਕੇਸ 'ਚ ਗ੍ਰਿਫ਼ਤਾਰ ਹੋਇਆ ਹੈ। ਇਸ ਜਾਂਚ ਦਾ ਵਿਸ਼ਾ ਹੈ ਕਿ ਅਨਵਰ ਮਸੀਹ ਨੂੰ ਕਿਸ ਆਗੂ ਦੀ ਸਿਫਾਰਸ਼ ਉਤੇ ਐਸ ਐਸ ਬੋਰਡ ਦਾ ਮੈਂਬਰ ਲਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਅਨਵਰ ਮਸੀਹ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਬਹੁਤ ਨਜ਼ਦੀਕੀ ਹੈ, ਇਸ ਲਈ ਸਬੰਧਾਂ ਦੀ ਜਾਂਚ ਹੋਣੀ ਚਾਹੀਦੀ ਹੈ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਵੀ ਬਿਕਰਮ ਸਿੰਘ ਮਜੀਠੀਆ ਦੀ ਭੂਮਿਕਾ ਦੀ ਜਾਂਚ ਦੀ ਮੰਗ ਕੀਤੀ ਅਤੇ ਕਿਹਾ ਕਿ ਅਕਾਲੀ ਆਗੂ ਅਨਵਰ ਮਸੀਹ ਅਤੇ ਇੱਕ ਕੌਂਸਲਰ ਨਾਲ ਜੁੜੇ ਨਸ਼ਾ ਤਸਕਰ ਦੇ ਕੇਸ ਦੀਆਂ ਤਾਰਾਂ ਵੱਡੇ ਸਿਆਸੀ ਲੋਕਾਂ ਨਾਲ ਜੁੜੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਸਦਨ ਨੂੰ ਭਰੋਸਾ ਦੇਣਾ ਚਾਹੀਦਾ ਹੈ ਕਿ ਉਹ ਜਾਂਚ ਕਰਾਉਣਗੇ। ਇਸ ਪਿੱਛੋਂ ਮੁੱਖ ਮੰਤਰੀ ਨੇ ਸਦਨ ਨੂੰ ਭਰੋਸਾ ਦਿੱਤਾ ਕਿ ਅਕਾਲੀ ਨੇਤਾ ਦੇ ਸਬੰਧਾਂ ਦੀ ਜਾਂਚ ਐਸ ਟੀ ਐਫ ਤੋਂ ਕਾਰਵਾਈ ਜਾਵੇਗੀ।

ਦੂਸਰੇ ਪਾਸੇ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਨੇ ਇਸ ਨੂੰ ਨੀਵੇਂ ਪੱਧਰ ਦੀ ਰਾਜਨੀਤੀ ਦੱਸਦੇ ਹੋਏ ਕਿਹਾ ਕਿ ਕਾਂਗਰਸ ਸਰਕਾਰ ਨੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾਉਣ ਲਈ ਇਹ ਕਦਮ ਉਠਾਇਆ ਹੈ। ਮਜੀਠੀਆ ਨੇ ਕਿਹਾ ਕਿ 2017 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਬਣੀ ਸਰਕਾਰ ਨੇ ਸਾਰੇ ਅਕਾਲੀ ਚੇਅਰਮੈਨਾਂ ਨੂੰ ਹਟਾ ਦਿੱਤਾ ਸੀ, ਪਰ ਅਨਵਰ ਮਸੀਹ ਨੂੰ ਘੱਟ ਗਿਣਤੀ ਕਮਿਸ਼ਨ ਦਾ ਚੇਅਰਮੈਨ ਲਾਈ ਰੱਖਿਆ ਅਤੇ ਤਿੰਨ ਸਾਲ ਸੇਵਾ ਵਿੱਚ ਵਾਧਾ ਵੀ ਕਰ ਦਿੱਤਾ। ਉਨ੍ਹਾਂ ਕਿਹਾ ਕਿ ਅਨਵਰ ਘੱਟ ਗਿਣਤੀ ਭਾਈਚਾਰੇ ਦਾ ਨੇਤਾ ਹੈ, ਜੋ ਬਾਅਦ ਵਿੱਚ ਕਾਂਗਰਸ ਦੇ ਖੇਮੇ ਵਿੱਚ ਸ਼ਾਮਲ ਹੋ ਗਿਆ ਸੀ। ਵਰਨਣ ਯੋਗ ਹੈ ਕਿ ਮੁੱਖ ਮੰਤਰੀ ਨੇ ਜਦੋਂ ਇਹ ਐਲਾਨ ਕੀਤਾ, ਓਦੋਂ ਅਕਾਲੀ ਦਲ ਦੇ ਵਿਧਾਇਕ ਸਪੀਕਰ ਵੱਲੋਂ ਬਿਜਲੀ ਦੀਆਂ ਮਹਿੰਗੀਆਂ ਦਰਾਂ ਬਾਰੇ ਕੰਮ ਰੋਕੂ ਮਤਾ ਰੱਦ ਕਰਨ ਖ਼ਿਲਾਫ਼ ਸਦਨ ਦੇ ਵੈੱਲ ਵਿੱਚ ਜਾ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ।


# ਟਿੱਪਰ ਵੱਲੋਂ ਕੁਚਲਣ ਨਾਲ ਐਕਟਿਵਾ ਸਵਾਰ ਦੀ ਮੌਤ




ਜਲੰਧਰ, 23 ਫਰਵਰੀ (ਪੋਸਟ ਬਿਊਰੋ)- ਮਿੱਠਾਪੁਰ ਰੋਡ ਉਤਲੇ ਚੀਮਾ ਚੌਕ 'ਚ ਕੱਲ੍ਹ ਸਵੇਰੇ ਸੜਕ ਹਾਦਸੇ ਵਿੱਚ 23 ਸਾਲਾ ਨੌਜਵਾਨ ਦੀ ਮੌਤ ਹੋ ਗਈ। ਉਹ ਰੋਜ਼ ਵਾਂਗ ਆਪਣੀ ਐਕਟਿਵਾ 'ਤੇ ਪਿੰਡ ਗਾਖਲਾਂ ਦੁੱਧ ਲੈਣ ਜਾ ਰਿਹਾ ਸੀ ਕਿ ਤੇਜ਼ ਰਫਤਾਰ ਟਿੱਪਰ ਨੇ ਉਸ ਨੂੰ ਟੱਕਰ ਮਾਰ ਦਿੱਤੀ। ਟਿੱਪਰ ਚਾਲਕ ਟਿੱਪਰ ਮੌਕੇ ਤੋਂ ਫਰਾਰ ਹੋ ਗਿਆ।

ਮਿਲੀ ਜਾਣਕਾਰੀ ਅਨੁਸਾਰ ਦਲਜੀਤ ਸਿੰਘ ਪੁੱਤਰ ਜਸਬੀਰ ਸਿੰਘ ਆਪਣੇ ਚਾਚੇ ਪਰਮਜੀਤ ਸਿੰਘ ਕੋਲ ਛੋਟੀ ਬਾਰਾਂਦਰੀ ਵਿੱਚ ਰਹਿੰਦਾ ਸੀ ਅਤੇ ਰੋਜ਼ ਐਕਟਿਵਾ 'ਤੇ ਪਿੰਡ ਗਾਖਲਾਂ ਤੋਂ ਦੁੱਧ ਲੈਣ ਜਾਂਦਾ ਸੀ। ਕੱਲ੍ਹ ਸਵੇਰੇ 7.30 ਵਜੇ ਦੇ ਕਰੀਬ ਗਾਖਲਾਂ ਜਾ ਰਿਹਾ ਸੀ। ਜਦੋਂ ਉਹ ਚੀਮਾ ਚੌਕ ਲਾਗੇ ਪੁੱਜਾ ਤਾਂ ਤੇਜ਼ ਰਫਤਾਰ ਟਿੱਪਰ ਨੇ ਉਸ ਨੂੰ ਟੱਕਰ ਮਾਰ ਦਿੱਤੀ ਅਤੇ ਟਿੱਪਰ ਦਾ ਟਾਇਰ ਉਸ ਦੇ ਉਪਰੋਂ ਲੰਘ ਗਿਆ, ਜਿਸ ਨਾਲ ਉਸ ਦੀ ਮੌਤ ਹੋ ਗਈ। ਟਿੱਪਰ ਚਾਲਕ ਟਿੱਪਰ ਛੱਡ ਕੇ ਮੌਕੇ ਤੋਂ ਫਰਾਰ ਹੋ ਗਿਆ। ਥਾਣਾ ਸੱਤ ਦੇ ਮੁਖੀ ਇੰਸਪੈਕਟਰ ਨਵੀਨਪਾਲ ਸਿੰਘ ਮੌਕੇ 'ਤੇ ਪਹੁੰਚੇ ਅਤੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਟਿੱਪਰ ਕਬਜ਼ੇ ਵਿੱਚ ਲੈ ਕੇ ਅਣਪਛਾਤੇ ਚਾਲਕ ਖਿਲਾਫ ਕੇਸ ਦਰਜ ਕਰ ਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਫਿਲੌਰ ਨੇੜੇ ਪਿੰਡ ਵਿੱਚ ਗੋਲੀਆਂ ਮਾਰ ਕੇ ਨੌਜਵਾਨ ਦਾ ਕਤਲ



ਫਿਲੌਰ, 23 ਫਰਵਰੀ (ਪੋਸਟ ਬਿਊਰੋ)- ਫਿਲੌਰ ਦੇ ਨੇੜੇ ਗੰਨਾ ਪਿੰਡ ਵਿੱਚ ਫਿਲੌਰ-ਤਲਵਣ ਰੋਡ ਉਤੇ ਭੋਲੇਵਾਲ ਵਾਲੇ ਮੋੜ ਨੇੜੇ ਇੱਕ ਹੇਅਰ ਸੈਲੂਨ 'ਤੇ ਕੰਮ ਕਰਦੇ 24 ਸਾਲਾ ਨੌਜਵਾਨ ਰਾਮਪਾਲ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਇੱਕ ਗੋਲੀ ਉਸ ਦੀ ਛਾਤੀ ਵਿੱਚ ਤੇ ਦੂਸਰੀ ਪੇਟ ਵਿੱਚ ਲੱਗੀ।

ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਰਾਮਪਾਲ ਗੰਨਾ ਪਿੰਡ ਵਿੱਚ ਮੇਨ ਸੜਕ ਉਤੇ ਪਿੰਡ ਭੋਲੇਵਾਲ ਵਾਲੇ ਮੋੜ ਦੇ ਨੇੜੇ ਇੱਕ ਸੈਲੂਨ ਦੀ ਦੁਕਾਨ ਵਿੱਚ ਕੰਮ ਕਰਦਾ ਸੀ। ਕੱਲ੍ਹ ਸ਼ਾਮ ਬੱਦਲ ਗਰਜ ਰਹੇ ਸਨ ਤਾਂ ਰਾਮਪਾਲ ਫੋਨ ਸੁਣਨ ਲਈ ਦੁਕਾਨ ਤੋਂ ਬਾਹਰ ਚਲਾ ਗਿਆ ਅਤੇ ਇੱਕ ਹੋਰ ਲੜਕਾ ਦੁਕਾਨ ਦੇ ਅੰਦਰ ਕੰਮ ਕਰ ਰਿਹਾ ਸੀ। ਜਦ ਰਾਮਪਾਲ ਕਾਫੀ ਦੇਰ ਤੱਕ ਵਾਪਸ ਨਹੀਂ ਆਇਆ ਤਾਂ ਅੰਦਰ ਕੰਮ ਕਰਦਾ ਲੜਕਾ ਉਸ ਨੂੰ ਬੁਲਾਉਣ ਗਿਆ। ਉਸ ਨੇ ਰਾਮਪਾਲ ਨੂੰ ਆਸ-ਪਾਸ ਲੱਭਿਆ ਤਾਂ ਨੇੜੇ ਉਸ ਦੀ ਖ਼ੂਨ ਨਾਲ ਲਥਪਥ ਲਾਸ਼ ਪਈ ਸੀ। ਉਸ ਨੇ ਮਾਲਕ ਨੂੰ ਦੱਸਿਆ ਅਤੇ ਉਨ੍ਹਾਂ ਨੇ ਪਿੰਡ ਦੇ ਲੋਕਾਂ ਨੂੰ ਨਾਲ ਲੈ ਕੇ ਪੁਲਸ ਨੂੰ ਸੂਚਿਤ ਕੀਤਾ। ਮ੍ਰਿਤਕ ਦਾ ਬਾਪ ਨਹੀਂ ਹੈ, ਮਾਤਾ ਮਾਨਸਿਕ ਤੌਰ 'ਤੇ ਠੀਕ ਨਹੀਂ ਅਤੇ ਆਪਣੇ ਪੇਕੇ ਰਹਿੰਦੀ ਸੀ, ਇਸ ਲਈ ਉਹ ਆਪਣੇ ਮਾਲਕ ਦੇ ਨਾਲ ਗੰਨਾ ਪਿੰਡ ਵਿੱਚ ਉਸ ਦੀ ਕੋਠੀ ਵਿੱਚ ਰਹਿੰਦਾ ਸੀ।

ਡੀ ਐੱਸ ਪੀ ਫਿਲੌਰ ਦਵਿੰਦਰ ਸਿੰਘ ਅਤਰੀ ਮੌਕੇ 'ਤੇ ਪਹੁੰਚੇ ਅਤੇ ਐੱਸ ਐੱਚ ਓ ਸੁੱਖਾ ਸਿੰਘ ਨੇ ਦੱਸਿਆ ਕਿ ਰਾਮਪਾਲ ਦੇ ਕਾਤਲਾਂ ਅਤੇ ਵਜ੍ਹਾ ਦਾ ਕੋਈ ਸੁਰਾਗ ਨਹੀਂ ਮਿਲਿਆ। ਪੁਲਸ ਹਰ ਐਂਗਲ ਤੋਂ ਜਾਂਚ ਕਰ ਰਹੀ ਹੈ।

# ਦੋਸਤ ਨੇ ਹੀ ਗੋਲੀ ਮਾਰ ਕੇ ਕਾਂਗਰਸੀ ਨੇਤਾ ਦੀ ਹੱਤਿਆ ਕੀਤੀ



ਨਾਭਾ, 23 ਫਰਵਰੀ (ਪੋਸਟ ਬਿਊਰੋ)- ਜ਼ਿਲਾ ਯੂਥ ਕਾਂਗਰਸ ਦੇ ਸਾਬਕਾ ਜਨਰਲ ਸੈਕਟਰੀ ਪ੍ਰਾਪਰਟੀ ਡੀਲਰ ਅਮਨਦੀਪ ਸਿੰਘ ਗੋਸ਼ੂ (40) ਦੀ ਉਸ ਦੇ ਦੋਸਤ ਨੇ ਸਿਰ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਹੈ।

ਕੱਲ੍ਹ ਸ਼ਾਮ ਡੀ ਐੱਸ ਪੀ ਵਰਿੰਦਜੀਤ ਸਿੰਘ ਥਿੰਦ ਨੇ ਦੱਸਿਆ ਕਿ ਇਸ ਦੀ ਜਾਂਚ ਦੇ ਆਧਾਰ 'ਤੇ ਗੋਸ਼ੂ ਦੇ ਦੋਸਤ ਧਰਮਜੀਤ ਸਿੰਘ ਉਰਫ ਸੋਨੀ ਦੇ ਖਿਲਾਫ ਕਤਲ ਅਤੇ ਆਮਰਜ਼ ਐਕਟ ਦਾ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਧਰਮਪਾਲ ਉਰਫ ਸੋਨੀ, ਜੋ ਗੋਸ਼ੂ ਦਾ ਦੋਸਤ ਸੀ, ਅਕਸਰ ਗੋਸ਼ੂ ਨੂੰ ਕਿਸੇ ਵਿੱਤੀ ਮਾਮਲੇ ਤੋਂ ਪਰੇਸ਼ਾਨ ਕਰਦਾ ਰਹਿੰਦਾ ਸੀ। ਬੀਤੀ ਰਾਤ ਦੋਵੇਂ ਆਪਸ ਵਿੱਚ ਮਿਲੇ ਤੇ ਵਾਪਸੀ ਸਮੇਂ ਦੋਸ਼ੀ ਨੇ ਗੋਸ਼ੂ ਦੀ ਰਿਵਾਲਵਰ ਨਾਲ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਹੈ। ਦੋਸ਼ੀ ਅਜੇ ਫਰਾਰ ਹੈ, ਜਿਸ ਨੂੰ ਗ੍ਰਿਫਤਾਰ ਕਰਨ ਦੇ ਲਈ ਪੁਲਸ ਟੀਮਾਂ ਦਾ ਗਠਨ ਕਰ ਦਿੱਤਾ ਗਿਆ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132''
88''
8 Seated Sofa
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

Experienced, Established & Committed
Alliance Legal Services
Professional Corporation
Legal Counsel: Jack Fireman, Q.C.
ਕੀ ਐਕਸੀਡੈਂਟ ਵਿਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
Gursharan (Bobby) Sidhu
President
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
Team of Experienced Lawyers & Paralegals serving the community for more than 10 years.
Free Consultation
For Maximum Benefits, Big Settlement & Excellent Service, Call:
Tel: 416-918-9406, 905-696-7946 Toll Free: 1-877-254-2623
1450 Meyerside Dr., Suite #308, Mississauga, ON. L5T 2N5 Fax: 905-696-7953

# ਪੰਜਾਬੀ ਮੁੰਡਾ ਵਲੈਤੀ ਯੂਨੀਵਰਸਿਟੀ ਵਿੱਚ ਪਹਿਲਾ ਭਾਰਤੀ ਪ੍ਰਧਾਨ ਚੁਣਿਆ ਗਿਆ

ਬਠਿੰਡਾ, 23 ਫਰਵਰੀ, (ਪੋਸਟ ਬਿਊਰੋ)- ਪੰਜਾਬ ਦੇ ਬਠਿੰਡਾ ਦੇ ਵਸਨੀਕ ਵਿਦਿਆਰਥੀ ਪਦਮਜੀਤ ਸਿੰਘ ਮਹਿਤਾ ਨੇ ਯੂਨੀਵਰਸਿਟੀ ਆਫ ਵੈਸਟਮਿੰਸਟਰ ਸਟੂਡੈਂਟ ਯੂਨੀਅਨ (ਇੰਗਲੈਂਡ) ਦਾ ਪ੍ਰਧਾਨ ਬਣਨ ਦਾ ਮਾਣ ਹਾਸਲ ਕੀਤਾ ਹੈ। ਇਹ ਮਾਣ ਹਾਸਲ ਕਰਨ ਵਾਲੇ ਉਹ ਪਹਿਲੇ ਭਾਰਤੀ ਹਨ, ਜਿਹੜੇ ਯੂਨੀਵਰਸਿਟੀ ਆਫ ਵੈਸਟ ਮਿੰਸਟਰ ਵਿਚਲੀ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਚੁਣੇ ਗਏ ਹਨ। ਪਦਮਜੀਤ ਸਿੰਘ ਮਹਿਤਾ ਦੇ ਪਿਤਾ ਅਮਰਜੀਤ ਸਿੰਘ ਮਹਿਤਾ, ਜਿਹੜੇ ਬਠਿੰਡਾ ਦੇ ਮਸਹੂਰ ਬਿਜਨੈਸਮੈਨ ਅਤੇ ਪ੍ਰਮੁੱਖ ਸਮਾਜ ਸੇਵੀ ਹਨ, ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਪਦਮਜੀਤ ਸਾਲ 2017 ਵਿਚ ਇੰਗਲੈਂਡ ਵਿੱਚ ਪੜ੍ਹਨ ਗਿਆ ਤੇ ਯੂਨੀਵਰਸਿਟੀ ਆਫ ਵੈਸਟ ਮਿੰਸਟਰ ਵਿੱਚ ਬੀ ਬੀ ਏ ਮਾਰਕੀਟਿੰਗ ਦੀ ਡਿਗਰੀ ਕਰ ਰਿਹਾ ਹੈ। ਉਹ ਯੂਨੀਵਰਸਿਟੀ ਆਫ਼ ਵੈਸਟ ਮਿੰਸਟਰ ਸਟੂਡੈਂਟਸ ਯੂਨੀਅਨ (ਯੂ ਡਬਲਿਊ ਐੱਸ ਯੂ) ਦਾ ਪਹਿਲਾ ਭਾਰਤੀ ਪ੍ਰਧਾਨ ਬਣਿਆ ਹੈ। ਲਗਭਗ 180 ਸਾਲ ਪੁਰਾਣੀ ਯੂਨੀਵਰਸਿਟੀ ਆਫ ਵੈਸਟ ਮਿੰਸਟਰ ਸਟੂਡੈਂਟ ਯੂਨੀਅਨ ਵਿਚ ਹਰ ਵਾਰ ਵੋਟਾਂ ਨਾਲ ਪ੍ਰਧਾਨ ਚੁਣਿਆ ਜਾਂਦਾ ਹੈ, ਜਿਸ ਲਈ ਇਸ ਪਈਆਂ ਵੋਟਾਂ ਦੇ ਨਤੀਜੇ 21 ਫਰਵਰੀ ਨੂੰ ਆਏ ਹਨ। ਕੁੱਲ ਪੰਜ ਉਮੀਦਵਾਰ ਮੈਦਾਨ ਵਿਚ ਸਨ। ਇਸ ਯੂਨੀਵਰਸਿਟੀ ਵਿਚ ਲਗਭਗ 22500 ਵਿਦਿਆਰਥੀ ਪੜ੍ਹਦੇ ਹਨ।

# ਹੁਣ ਹਟਾਏ ਜਾਣੇ ਚਾਹੀਦੇ ਹਨ ਬੈਰੀਕੇਡਜ਼ : ਟਰੂਡੋ

...ਪੰਨਾ 1 ਦਾ ਬਾਕੀ

ਇਸ ਸਬੰਧ ਵਿੱਚ ਪਾਰਲੀਆਮੈਂਟ ਹਿੱਲ ਉੱਤੇ ਇੰਸੀਡੈਂਟ ਰਿਸਪਾਂਸ ਟੀਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਵੱਲੋਂ ਇਹ ਐਲਾਨ ਕੀਤਾ ਗਿਆ। ਟਰੂਡੋ ਨੇ ਆਖਿਆ ਕਿ ਗੱਲਬਾਤ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਹੋ ਗਈਆਂ ਹਨ। ਉਨ੍ਹਾਂ ਆਖਿਆ ਕਿ ਹੁਣ ਗੇਂਦ ਮੂਲਵਾਸੀ ਆਗੂਆਂ ਦੇ ਪਾਲੇ ਵਿੱਚ ਹੈ। ਉਨ੍ਹਾਂ ਇਹ ਵੀ ਆਖਿਆ ਕਿ ਅਸੀਂ ਗੱਲਬਾਤ ਲਈ ਉੱਥੇ ਪਹੁੰਚਾਂਗੇ ਪਰ ਇਸ ਲਈ ਬੈਰੀਕੇਡ ਹਟਾਉਣੇ ਪੈਣਗੇ। ਉਨ੍ਹਾਂ ਆਖਿਆ ਕਿ ਉਦੋਂ ਤੱਕ ਕੋਈ ਗੱਲਬਾਤ ਸਿਰੇ ਨਹੀਂ ਚੜ੍ਹ ਸਕਦੀ ਜਦੋਂ ਤੱਕ ਸਿਰਫ ਇੱਕ ਧਿਰ ਹੀ ਪਹੁੰਚ ਕਰਦੀ ਰਹੇ ਤੇ ਦੂਜੀ ਧਿਰ ਗੱਲਬਾਤ ਲਈ ਪਹੁੰਚੇ ਹੀ ਨਾ। ਅਸੀਂ ਵੀ ਕਦੋਂ ਤਕ ਇਹੋ ਜਿਹੀਆਂ ਕੋਸ਼ਿਸ਼ਾਂ ਕਰਦੇ ਰਹਾਂਗੇ। ਪਰ ਫਿਰ ਵੀ ਅਸੀਂ ਗੱਲਬਾਤ ਦੀ ਆਸ ਛੱਡੀ ਨਹੀਂ ਹੈ ਪਰ ਕਿਸੇ ਨੂੰ ਤਾਂ ਸਾਡੇ ਤੱਕ ਪਹੁੰਚ ਕਰਨੀ ਹੋਵੇਗੀ।

ਇਸ ਦੌਰਾਨ ਵੈਟਸੂਵੈਟਨ ਨੇਸ਼ਨ ਦੇ ਸਮਰਥਨ ਵਿੱਚ ਬੈਲੇਵਿਲੇ ਨੇੜੇ ਟਯੇਨਡਿਨਾਗਾ, ਓਨਟਾਰੀਓ ਵਿੱਚ ਇੱਕ ਹਫਤੇ ਤੋਂ ਰੇਲਵੇ ਲਾਈਨ ਬਲਾਕ ਕਰੀ ਬੈਠੇ ਚੀਫਜ਼ ਨੇ ਆਖਿਆ ਕਿ ਕਿਸੇ ਤਰ੍ਹਾਂ ਦੀ ਅਗਲੀ ਗੱਲਬਾਤ ਲਈ ਆਰਸੀਐਮਪੀ ਨੂੰ ਪੂਰੀ ਤਰ੍ਹਾਂ ਉਨ੍ਹਾਂ ਦੀ ਜ਼ਮੀਨ ਛੱਡਣੀ ਹੋਵੇਗੀ, ਕੋਸਟਲ ਗੈਸਲਿੰਕ ਦਾ ਸਾਰਾ ਕੰਮ ਬੰਦ ਕਰਨਾ ਹੋਵੇਗਾ ਤੇ ਜਦੋਂ ਤੱਕ ਗੱਲਬਾਤ ਚੱਲੇਗੀ ਪਾਈਪਲਾਈਨ ਦਾ ਕੋਈ ਕੰਮ ਨਹੀਂ ਹੋਵੇਗਾ। ਜੇ ਇਹ ਮੰਗਾਂ ਪੂਰੀਆਂ ਕੀਤੀਆਂ ਜਾਣਗੀਆਂ ਤਾਂ ਇਹ ਬਲਾਕੇਡਜ਼ ਖ਼ਤਮ ਕੀਤੇ ਜਾ ਸਕਦੇ ਹਨ।

# ਕੋਰੋਨਾਵਾਇਰਸ ਦਾ ਇੱਕ ਹੋਰ ਮਾਮਲਾ

...ਪੰਨਾ 1 ਦਾ ਬਾਕੀ

ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਜਹਾਜ਼ ਵਿੱਚ ਮਹਿਲਾ ਦੇ ਨੇੜੇ ਬਹਿ ਕੇ ਸਫਰ ਕਰਕੇ ਆਏ ਯਾਤਰੀਆਂ ਨਾਲ ਸੰਪਰਕ ਕਰਕੇ ਉਨ੍ਹਾਂ ਦੀ ਵੀ ਨਿਗਰਾਨੀ ਕੀਤੀ ਜਾਵੇ।



ਮੰਤਰਾਲੇ ਨੇ ਆਖਿਆ ਕਿ ਓਨਟਾਰੀਓ ਦੇ ਇਸ ਤੋਂ ਪਹਿਲਾਂ ਤਿੰਨ ਕੋਰੋਨਾਵ-ਾਇਰਸ ਦੇ ਕੇਸ, ਜਿਨ੍ਹਾਂ ਵਿੱਚੋਂ ਦੋ ਟੋਰਾਂਟੋ ਵਿੱਚ ਸਨ, ਸਾਰੇ ਸਹੀ ਹਨ। 24 ਘੰਟਿਆਂ ਦੇ ਫਰਕ ਨਾਲ ਇਨ੍ਹਾਂ ਮਰੀਜ਼ਾਂ ਦੀ ਜਾਂਚ ਕਰਵਾਏ ਜਾਣ ਤੋਂ ਬਾਅਦ ਹੀ ਇਨ੍ਹਾਂ ਦੇ ਹੱਲ ਹੋਣ ਦੀ ਗੱਲ ਕੀਤੀ ਜਾ ਰਹੀ ਹੈ। ਐਤਵਾਰ ਨੂੰ ਮੇਅਰ ਜੌਹਨ ਟੋਰੀ ਨੇ ਇੱਕ ਬਿਆਨ ਵਿੱਚ ਆਖਿਆ ਕਿ ਸਥਾਨਕ ਵਾਸੀਆਂ ਨੂੰ ਇਸ ਦਾ ਕੋਈ ਖਤਰਾ ਨਹੀਂ ਹੈ। ਟੋਰੀ ਨੇ ਆਖਿਆ ਕਿ ਪਿਛਲੇ ਕਈ ਹਫਤਿਆਂ ਤੋਂ ਸਾਡੇ ਫਰੰਟਲਾਈਨ ਹੈਲਥ ਵਰਕਰਜ਼ ਇਹ ਸਿੱਧ ਕਰਨ ਵਿੱਚ ਕਾਮਯਾਬ ਰਹੇ ਹਨ ਕਿ ਦੁਨੀਆ ਵਿੱਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਹੈ। ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਸਾਡੇ ਕੋਲ ਕਈ ਢੰਗ ਤਰੀਕੇ ਹਨ। ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਇਨ੍ਹਾਂ ਪ੍ਰੋਸੀਜ਼ਰ ਦਾ ਧਿਆਨ ਰੱਖਿਆ ਜਾਵੇ।

# ਭਾਰਤ ਵਿੱਚ ਪਹਿਲੀ ਵਾਰ ਨਵ-ਜਨਮੇ ਬੱਚੇ ਦਾ ਅੰਗ-ਦਾਨ

ਚੰਡੀਗੜ੍ਹ, 23 ਫਰਵਰੀ (ਪੋਸਟ ਬਿਊਰੋ)- ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ 68.3 ਘੰਟੇ ਦੇ ਨਵ-ਜੰਮੇ ਬੱਚੇ ਦੇ ਦਿਮਾਗ ਦੇ ਪੂਰੀ ਤਰ੍ਹਾਂ ਨਾਲ ਵਿਕਸਿਤ ਨਾ ਹੋਣ ਉੱਤੇ ਉਸ ਦੇ ਪਰਵਾਰ ਵੱਲੋਂ ਉਸ ਦੇ ਬਾਕੀ ਅੰਗ ਪੀ ਜੀ ਆਈ ਵਿੱਚ ਦਾਨ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਪੀ ਜੀ ਆਈ ਦੇ ਡਾਕਟਰਾਂ ਨੇ ਦੱਸਿਆ ਕਿ ਨਵ-ਜੰਮੇ ਬੱਚੇ ਦੀ ਸਰਜਰੀ ਕਰਨਾ ਅਤੇ ਉਸ ਦੀ ਕਿਡਨੀ ਨੂੰ ਦੂਸਰੇ ਮਰੀਜ਼ ਵਿੱਚ ਟਰਾਂਸਪਲਾਂਟ ਕਰਨਾ ਆਪਣੇ ਆਪ ਇਤਿਹਾਸਕ ਕਦਮ ਸੀ। ਰੋਟੋ ਦੇ ਕਨਵੀਨਰ ਡਾਕਟਰ ਵਿਪਨ ਕੌਸ਼ਲ ਨੇ ਦੱਸਿਆ ਕਿ ਪੀ ਜੀ ਆਈ ਵਿੱਚ 1996 ਵਿੱਚ ਕੈਡੇਵਰ ਆਰਗਨ ਟਰਾਂਸਪਲਾਂਟ ਪ੍ਰੋਗਰਾਮ ਸ਼ੁਰੂ ਹੋਇਆ ਸੀ। ਇਨ੍ਹਾਂ 24 ਸਾਲਾਂ ਵਿੱਚ ਪੀ ਜੀ ਆਈ ਤੇ ਦੇਸ਼ ਵਿੱਚ ਪਹਿਲਾ ਸਭ ਤੋਂ ਘੱਟ ਉਮਰ ਦੇ ਡੋਨਰ ਦਾ ਅੰਗਦਾਨ ਹੋਇਆ ਹੈ। ਪੀ ਜੀ ਆਈ ਦੇ ਡਾਇਕੈਕਟਰ ਪ੍ਰੋਫੈਸਰ ਜਗਤ ਰਾਮ ਨੇ ਜ਼ਿਲਾ ਪਟਿਆਲਾ ਦੇ ਵਸਨੀਕ ਨਵਜੰਮੇ ਬੱਚੇ ਦੇ ਮਾਤਾ-ਪਿਤਾ ਦੇ ਸਾਹਸ ਭਰੇ ਕਦਮ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਉਨ੍ਹਾਂ ਨੇ ਆਪਣੇ ਬੇਟੇ ਨੂੰ ਗੁਆਇਆ ਨਹੀਂ, ਉਸ ਦੇ ਅੰਗ ਦਾਨ ਕਰ ਕੇ ਦੂਸਰੇ ਨੂੰ ਜ਼ਿੰਦਗੀ ਦੇ ਕੇ ਅਮਰ ਕਰ ਦਿੱਤਾ ਹੈ। ਜਿਸ ਮਰੀਜ਼ ਵਿੱਚ ਕਿਡਨੀ ਟਰਾਂਸਪਲਾਂਟ ਹੋਈ ਹੈ, ਉਹ ਪੂਰੀ ਉਮਰ ਇਨ੍ਹਾਂ ਦਾ ਕਰਜ਼ਦਾਰ ਰਹੇਗਾ। ਉਨ੍ਹਾਂ ਨੇ ਕਿਹਾ ਕਿ ਜ਼ਿਲਾ ਪਟਿਆਲਾ ਦੇ ਇਸ ਜੋੜੇ ਨੇ ਆਪਣੇ ਬੱਚੇ ਦੇ ਬਾਕੀ ਅੰਗ ਦਾਨ ਕਰਨ ਵੇਲੇ ਕਿਹਾ ਕਿ ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦਾ ਬੱਚਾ ਬਹੁਤੇ ਦਿਨ ਨਹੀਂ ਜੀਊਣ ਵਾਲਾ, ਇਸ ਲਈ ਉਸ ਦੇ ਅੰਗ ਦਾਨ ਕਰ ਕੇ ਕਿਸੇ ਦੂਸਰੇ ਮਰੀਜ਼ ਦੀ ਜ਼ਿੰਦਗੀ ਬਚਾਈ ਜਾ ਸਕਦੀ ਹੈ। ਇਸ ਸਰਜਰੀ ਲਈ ਇਸ ਸੰਸਥਾ ਦੇ ਡਾਇਰੈਕਟਰ ਨੇ ਨੀਓ ਨੈਟੋਲਾਜੀ, ਰੇਡੀਓਲਾਜੀ, ਨੇਫ੍ਰੋਲਾਜੀ, ਐਨਾਥੀਸੀਆ, ਇਮਨਿਊਪੈਥੀਲਾਜੀ ਅਤੇ ਟਰਾਂਸਪਲਾਂਟ ਸਰਜਰੀ ਦੇ ਡਾਕਟਰਾਂ ਦੀ ਟੀਮ ਦੇ ਕੰਮ ਦੀ ਪ੍ਰਸ਼ੰਸਾ ਕੀਤੀ। ਆਰਗਨ ਟਰਾਂਸਪਲਾਂਟ ਵਿਭਾਗ ਦੇ ਇੰਚਾਰਜ ਪ੍ਰੋਫੈਸਰ ਆਸ਼ੀਸ਼ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੇ ਜੀਵਨ ਵਿੱਚ ਪਹਿਲਾ ਇਹ ਮੌਕਾ ਹੈ ਕਿ ਇੰਨੀ ਘੱਟ ਉਮਰ ਦੇ ਬੱਚੇ ਦੇ ਅੰਗ ਨੂੰ ਕੱਢ ਕੇ ਦੂਸਰੇ ਮਰੀਜ ਵਿੱਚ ਟਰਾਂਸਪਲਾਂਟ ਕੀਤਾ ਗਿਆ ਹੈ। ਬੱਚੇ ਦੀ ਕਿਡਨੀ ਲੈ ਕੇ ਦੂਸਰੇ ਮਰੀਜ਼ ਨੂੰ ਮੈਚ ਕਰ ਕੇ ਉਸ ਨੂੰ ਟਰਾਂਸਪਲਾਂਟ ਕਰਨਾ ਵੀ ਚੁਣੌਤੀ ਪੂਰਨ ਸੀ, ਕਿਉਂਕਿ ਬੱਚੇ ਦੀ ਕਿਡਨੀ ਅਤੇ ਦੂਸਰੇ ਮਰੀਜ਼ ਦੀ ਉਮਰ ਵਿੱਚ ਬਹੁਤ ਫਰਕ ਸੀ।

# ਮੈਡੀਕਲ ਵਿਦਿਆਰਥਣਾਂ ਨਾਲ ਛੇੜ-ਛਾੜ ਦਾ ਵਿਰੋਧ ਕਰਦੇ ਐੱਸ ਐੱਸ ਪੀ ਦੇ ਬੇਟੇ ਉੱਤੇ ਪਿਸਤੌਲ ਤਾਣੀ

ਅੰਮ੍ਰਿਤਸਰ, 23 ਫਰਵਰੀ (ਪੋਸਟ ਬਿਊਰੋ)- ਸਰਕਾਰੀ ਮੈਡੀਕਲ ਕਾਲਜ ਦੀ ਸੁਰੱਖਿਆ ਉਲੰਘ ਕੇ ਕਾਰ ਸਵਾਰ ਤਿੰਨ ਅਣਪਛਾਤੇ ਨੌਜਵਾਨ ਬੁੱਧਵਾਰ ਰਾਤ ਅੰਦਰ ਆਏ ਅਤੇ ਵਿਦਿਆਰਥਣਾਂ ਨਾਲ ਛੇੜਛਾੜ ਕੀਤੀ। ਇੱਕ ਵਿਦਿਆਰਥੀ ਨੇ ਵਿਰੋਧ ਕੀਤਾ ਤਾਂ ਉਸ ਦੀ ਪੁੜਪੁੜੀ 'ਤੇ ਪਿਸਤੌਲ ਤਾਣ ਕੇ ਸਿਰ ਉੱਤੇ ਰਾਡ ਮਾਰ ਦਿੱਤੀ। ਜ਼ਖਮੀ ਮਨਮੋਹਨ ਸਿੰਘ ਫਾਈਨਲ ਈਅਰ ਦਾ ਵਿਦਿਆਰਥੀ ਹੈ ਅਤੇ ਐੱਸ ਐੱਸ ਪੀ ਮੁਕਤਸਰ ਰਾਜਬਚਨ ਸਿੰਘ ਸੰਧੂ ਦਾ ਬੇਟਾ ਹੈ।


ਕਾਲਜ ਵੱਲੋਂ ਡਾਕਟਰ ਕਰਨਜੀਤ ਸਿੰਘ ਵੱਲੋਂ ਪੁਲਸ ਨੂੰ ਦਿੱਤੀ ਸ਼ਿਕਾਇਤ ਮੁਤਾ-ਬਕ ਬੁੱਧਵਾਰ ਰਾਤ ਮੈਡੀਕਲ ਕਾਲਜ ਦੇ ਹੋਸਟਲ ਦੀਆਂ ਕੁਝ ਵਿਦਿਆਰਥਣਾਂ ਲਾਇਬਰੇਰੀ ਜਾ ਰਹੀਆਂ ਸਨ। ਇਸ ਦੌਰਾਨ ਇੱਕ ਤੇਜ਼ ਰਫਤਾਰ ਆਈ-20 ਕਾਰ ਵਿੱਚ ਤਿੰਨ ਨੌਜਵਾਨ ਆਏ ਅਤੇ ਵਿਦਿਆਰਥਣਾਂ ਨਾਲ ਛੇੜਛਾੜ ਕਰ ਕੇ ਇਤਰਾਜ਼ ਕੁਮੈਂਟ ਕਰਨ ਲੱਗੇ। ਉਨ੍ਹਾਂ ਦਾ ਰੌਲਾ ਸੁਣ ਕੇ ਲਾਇਬਰੇਰੀ ਵਿੱਚ ਪੜ੍ਹ ਰਿਹਾ ਮਨਮੋਹਨ ਉਥੇ ਪਹੁੰਚਿਆ ਅਤੇ ਨੌਜਵਾਨਾਂ ਦਾ ਵਿਰੋਧ ਕੀਤਾ। ਇਸ 'ਤੇ ਇੱਕ ਨੌਜਵਾਨ ਨੇ ਮਨਮੋਹਨ ਦੀ ਪੁੜਪੁੜੀ 'ਤੇ ਪਿਸਤੌਲ ਤਾਣ ਦਿੱਤੀ ਅਤੇ ਦੂਸਰੇ ਨੇ ਸਿਰ 'ਤੇ ਰਾਡ ਮਾਰੀ। ਮਨਮੋਹਨ ਸਿੰਘ ਨੇ ਟੋਪੀ ਪਾਈ ਹੋਣ ਕਾਰਨ ਜ਼ਿਆਦਾ ਸੱਟ ਨਹੀਂ ਲੱਗੀ। ਇਸ ਦੌਰਾਨ ਹੋਸਟਲ ਵਿੱਚ ਰਹਿੰਦ ਹੋਰ ਵਿਦਿਆਰਥੀ ਵੀ ਪਹੁੰਚ ਜਾਣ ਕਾਰਨ ਹਮਲਾਵਰ ਫਰਾਰ ਹੋ ਗਏ। ਥਾਣਾ ਮਜੀਠਾ ਰੋਡ ਦੇ ਐੱਸ ਐੱਚ ਓ ਜਸਪਾਲ ਸਿੰਘ ਦੇ ਮੁਤਾਬਕ ਦੋਸ਼ੀ ਨੌਜਵਾਨਾਂ ਦੀ ਤਲਾਸ਼ ਵਿੱਚ ਛਾਪੇਮਾਰੀ ਜਾਰੀ ਹੈ।






# ਇੰਡੀਅਨ ਆਈਡਲ 11 ਦਾ ਖ਼ਿਤਾਬ ਬਠਿੰਡਾ ਦੇ ਸੰਨੀ ਹਿੰਦੋਸਤਾਨੀ ਨੇ ਜਿੱਤਿਆ

*** ਅੱਧੀ ਰਾਤ ਲੋਕਾਂ ਨੇ ਜਿੱਤ ਦਾ ਜਸ਼ਨ ਮਨਾਇਆ**



ਬਠਿੰਡਾ, 23 ਫਰਵਰੀ, (ਪੋਸਟ ਬਿਊਰੋ)- ਸਾਰੇ ਭਾਰਤ ਵਿਚ ਜਿਵੇਂ ਕਿਆਫੇ ਲੱਗ ਰਹੇ ਸਨ, ਆਖ਼ਰ ਸੱਚ ਸਾਬਤ ਹੋਏ ਤੇ ਬਠਿੰਡੇ ਦਾ ਸੰਨੀ ਹਿੰਦੋਸਤਾਨੀ ਇੰਡੀਅਨ ਆਈਡਲ ਦਾ 11ਵਾਂ ਜੇਤੂ ਬਣ ਗਿਆ ਹੈ। ਸਭ ਤੋਂ ਵੱਧ ਵੋਟਾਂ ਹਾਸਲ ਕਰ ਕੇ ਉਸ ਨੇ ਬਾਕੀ ਸਾਰੇ ਮੁਕਾਬਲੇਬਾਜ਼ਾਂ ਨੂੰ ਪਿੱਛੇ ਛੱਡ ਦਿੱਤਾ। ਇੰਡੀਅਨ ਆਈਡਲ ਦਾ ਨਵਾਂ ਸੀਜ਼ਨ ਸ਼ੁਰੂ ਹੋਣ ਵੇਲੇ ਤੋਂ ਹੀ ਨਾ ਕੇਵਲ ਭਾਰਤ ਵਿਚਲੇ, ਸਗੋਂ ਦੁਨੀਆ ਭਰ ਵਿਚਲੇ ਸੰਗੀਤ ਪ੍ਰੇਮੀਆਂ ਨੂੰ ਸੰਨੀ ਹਿੰਦੁਸਤਾਨੀ ਨੇ ਆਪਣੀ ਦਮਦਾਰ ਗਾਇਕੀ ਦਾ ਦੀਵਾਨਾ ਬਣਾਇਆ ਹੋਇਆ ਸੀ।

ਵਰਨਣ ਯੋਗ ਹੈ ਕਿ ਮਰਹੂਮ ਨੁਸਰਤ ਫ਼ਤਹਿ ਅਲੀ ਖ਼ਾਨ ਦੇ ਗੀਤ ਅਤੇ ਗ਼ਜ਼ਲਾਂ ਗਾਉਣ ਕਾਰਨ ਸੰਨੀ ਨੂੰ ਨੁਸਰਤ ਦੀ ਰੂਹ ਕਿਹਾ ਜਾਣ ਲੱਗਾ ਹੈ। ਹਰ ਕੋਈ ਇਹੋ ਕਹਿੰਦਾ ਸੀ ਕਿ ਉਹ ਹੀ ਇੰਡੀਅਨ ਆਈਡਲ ਦਾ ਜੇਤੂ ਬਣੇਗਾ। ਸੰਨੀ ਨੂੰ ਜਿੱਤਣ ਨਾਲ 25 ਲੱਖ ਰੁਪਏ ਸੋਨੀ ਟੀ ਵੀ ਮਿਲਣ ਦੇ ਨਾਲ ਇਕ ਲੱਖ ਰੁਪਏ ਦਾ ਵੱਖਰਾ ਚੈੱਕ ਤੇ ਕਾਰ ਮਿਲੀ ਹੈ। ਇਸ ਦੇ ਨਾਲ ਉਸ ਨੂੰ ਟੀ ਸੀਰੀਜ਼ ਦੀ ਫਿਲਮ ਵਿਚ ਗਾਉਣ ਦਾ ਮੌਕਾ ਵੀ ਮਿਲੇਗਾ। ਸੰਨੀ ਇਸ ਤੋਂ ਪਹਿਲਾਂ ਉਹ ਤਿੰਨ ਫਿਲਮਾਂ ਵਿਚ ਗਾਣੇ ਗਾ ਵੀ ਚੁੱਕਾ ਹੈ ਅਤੇ ਲੰਮੀ ਰੇਸ ਦਾ ਘੋੜਾ ਗਿਣਿਆ ਜਾਂਦਾ ਹੈ।

ਕਰੀਬ 21 ਸਾਲ ਦਾ ਸੰਨੀ ਇੰਡੀਅਨ ਆਈਡਲ ਦੇ ਮੁਕਾਬਲੇ ਵਿਚ ਹਿੱਸਾ ਲੈਣ ਤੋਂ ਪਹਿਲਾਂ ਬੂਟ ਪਾਲਿਸ਼ ਕਰਦਾ ਹੁੰਦਾ ਸੀ, ਪਰ ਸੰਗੀਤ ਅਤੇ ਸੁਰਾਂ ਨੇ ਉਸ ਨੂੰ ਮਸਾਂ ਛੇ ਮਹੀਨਿਆਂ ਵਿਚ ਗਾਇਕੀ ਦੇ ਅੰਬਰ ਦਾ ਤਾਰਾ ਬਣਾ ਦਿੱਤਾ। ਸੰਨੀ ਦੇ ਮਰਹੂਮ ਪਿਤਾ ਨਾਨਕ ਵੀ ਬੂਟ ਪਾਲਿਸ਼ ਕਰਦੇ ਹੁੰਦੇ ਸਨ ਤੇ ਜੰਮੂ ਵਿਚ ਆਏ ਹੜ੍ਹ ਵੇਲੇ ਉਨ੍ਹਾਂ ਦੀ ਮੌਤ ਹੋ ਗਈ ਸੀ। ਉਹ ਓਥੇ ਫ਼ੌਜੀਆਂ ਦੇ ਬੂਟ ਪਾਲਿਸ਼ ਕਰਨ ਜਾਂਦੇ ਹੁੰਦੇ ਸਨ। ਸੰਨੀ ਦੇ ਪਿਤਾ ਵੀ ਗਾਉਂਦੇ ਸਨ ਪਰ ਵਿਆਹ ਸ਼ਾਦੀਆਂ ਵਿਚ ਕੁਝ ਖਾਣ ਲਈ ਮੰਗਣ ਖ਼ਾਤਰ ਗਾਇਆ ਕਰਦੇ ਸਨ। ਇਸੇ ਤਰ੍ਹਾਂ ਸੰਨੀ ਦੀ ਦਾਦੀ ਮੀਰਾ ਵੀ ਗਾ ਕੇ ਭੀਖ ਮੰਗਦੀ ਤੇ ਮਾਂ ਸੋਮਾ ਦੇਵੀ ਪਿਛਲੇ ਦਿਨਾਂ ਤਕ ਗਲੀਆਂ ਵਿਚ ਠੇਲ੍ਹਾ ਘੁੰਮਾ ਕੇ ਗ਼ੁਬਾਰੇ ਵੇਚਦੀ ਰਹੀ ਹੈ। ਉਹ ਲੋਕਾਂ ਦੇ ਘਰਾਂ ਵਿਚੋਂ ਚੌਲ ਆਦਿ ਮੰਗ ਕੇ ਘਰ ਦਾ ਗੁਜ਼ਾਰਾ ਚਲਾਉਂਦੀ ਸੀ। ਭੈਣ ਸਖੀਨਾ ਵੀ ਲੋਕਾਂ ਦੇ ਵਿਆਹਾਂ ਵਿਚ ਮੰਗਦੀ ਰਹੀ ਹੈ ਪਰ ਸੰਨੀ ਨੇ ਇੰਡੀਅਨ ਆਈਡਲ ਵਿਚ ਸਿੱਧੀ ਐਂਟਰੀ ਲੈ ਕੇ ਨਾ ਕੇਵਲ ਆਪਣੇ ਪਰਿਵਾਰ ਦਾ ਜੀਵਨ ਬਦਲ ਦਿੱਤਾ, ਸਗੋਂ ਟੀ ਵੀ ਜਗਤ ਦੇ ਇਸ ਸਭ ਤੋਂ ਵੱਧ ਮਸ਼ਹੂਰ 11ਵੇਂ ਸੀਜ਼ਨ ਦਾ ਜੇਤੂ ਬਣ ਗਿਆ ਹੈ। ਗਰੈਂਡ ਫਿਨਾਲੇ ਦੌਰਾਨ ਸੰਨੀ ਦੀ ਮਾਂ ਅਤੇ ਭੈਣ ਸਖੀਨਾ ਵੀ ਮੌਜੂਦ ਸਨ। ਉਸ ਦੇ ਜੇਤੂ ਬਣਨ ਦਾ ਐਲਾਨ ਹੁੰਦਿਆਂ ਸਾਰ ਬਠਿੰਡੇ ਵਿਚ ਅੱਧੀ ਰਾਤ ਨੂੰ ਲੋਕਾਂ ਨੇ ਜਸ਼ਨ ਮਨਾਉਣਾ ਸ਼ੁਰੂ ਕਰ ਦਿੱਤਾ ਤੇ ਪਟਾਕੇ ਚਲਾਏ।

# ਬਲਦੇਵ ਸਿੰਘ ਵਡਾਲਾ ਵੱਲੋਂ ਦੋਸ਼: ਪੁਰਾਤਨ ਸਿੱਖ ਇਤਿਹਾਸ ਨੂੰ ਖ਼ਤਮ ਕਰੀ ਜਾਂਦੇ ਨੇ ਕਾਰ ਸੇਵਾ ਵਾਲੇ ਬਾਬੇ

ਜਲੰਧਰ, 23 ਫਰਵਰੀ (ਪੋਸਟ ਬਿਊਰੋ)- ਸਿੱਖ ਸਦਭਾਵਨਾ ਦਲ ਦੇ ਮੁੱਖ ਸੇਵਾਦਾਰ ਬਲਦੇਵ ਸਿੰਘ ਵਡਾਲਾ ਨੇ ਇਹ ਦੋਸ਼ ਲਾਇਆ ਹੈ ਕਿ ਕਾਰ ਸੇਵਾ ਵਾਲੇ ਬਾਬੇ ਸਿੱਖ ਇਤਹਾਸ ਖਤਮ ਕਰੀ ਜਾਂਦੇ ਹਨ।

ਕੱਲ੍ਹ ਏਥੇ ਪ੍ਰੈਸ ਕਾਨਫਰੰਸ ਦੌਰਾਨ ਬਲਦੇਵ ਸਿੰਘ ਵਡਾਲਾ ਨੇ ਆਰ ਟੀ ਆਈ ਰਾਹੀਂ ਮਿਲੀ ਜਾਣਕਾਰੀ ਪੇਸ਼ ਕਰਦੇ ਹੋਏ ਕਿਹਾ ਕਿ 1984 ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਸੰਗਤ ਨੂੰ ਦਿਲਾਸਾ ਦਿੰਦੀ ਰਹੀ ਹੈ ਕਿ ਜੂਨ 1984 ਵਿੱਚ ਹੋਏ ਨੁਕਸਾਨ ਦੀ ਵੀਡੀਓਗ੍ਰਾਫੀ ਉਸ ਨੇ ਸਾਂਭੀ ਹੋਈ ਹੈ, ਪਰ ਸ਼੍ਰੋਮਣੀ ਕਮੇਟੀ ਨੇ ਆਰ ਟੀ ਆਈ 'ਚ ਦਿੱਤੀ ਸੂਚਨਾ ਵਿੱਚ ਖ਼ੁਦ ਮੰਨ ਲਿਆ ਹੈ ਕਿ ਉਸ ਕੋਲ ਕੋਈ ਵੀਡੀਓਗ੍ਰਾਫੀ ਨਹੀਂ। ਉਨ੍ਹਾਂ ਦੋਸ਼ ਲਾਇਆ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ 1984 ਵਿੱਚ ਹੋਏ ਅਪਰੇਸ਼ਨ ਬਲਿਊ ਸਟਾਰ ਦੌਰਾਨ ਹੋਏ ਨੁਕਸਾਨ ਬਾਰੇ 1000 ਕਰੋੜ ਰੁਪਏ ਦਾ ਹਰਜਾਨੇ ਦਾ ਕੇਸ ਕੇਂਦਰ ਸਰਕਾਰ ਉੱਤੇ ਕੀਤਾ ਸੀ, ਪਰ ਇਸ ਦੀ ਵੀਡੀਓਗ੍ਰਾਫੀ ਨੂੰ ਸ਼੍ਰੋਮਣੀ ਕਮੇਟੀ ਨੇ ਗੁੰਮ ਕਰ ਦਿੱਤੀ ਜਾਂ ਇਹ ਬਣਾਈ ਹੀ ਨਹੀਂ। ਉਨ੍ਹਾਂ ਦੱਸਿਆ ਕਿ ਉਸ ਕੇਸ ਦੀ ਅਗਲੀ ਸੁਣਵਾਈ 14 ਮਈ 2020 ਨੂੰ ਹੈ।

ਇਸ ਦੇ ਨਾਲ ਹੀ ਬਲਦੇਵ ਸਿੰਘ ਵਡਾਲਾ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਨੇ ਸਾਜ਼ਿਸ਼ ਹੇਠ ਬਹੁਤੀ ਕਾਰ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀਵਾਲੇ ਤੋਂ ਕਰਵਾਈ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਚਿਤਾਵਨੀ ਦਿੱਤੀ ਹੈ ਕਿ ਸਿੱਖ ਸਦਭਾਵਨਾ ਦਲ ਇਸ ਬਾਰੇ ਸ਼੍ਰੋਮਣੀ ਕਮੇਟੀ ਨੂੰ ਇੱਕ ਮਹੀਨੇ ਦਾ ਸਮਾਂ ਦਿੰਦਾ ਹੈ ਕਿ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਤਖ਼ਤ ਕੇਸਗੜ੍ਹ ਸਾਹਿਬ ਤੇ ਹੋਰ ਜਿੱਥੇ ਵੀ ਕਾਰ ਸੇਵਾ ਕੀਤੀ ਜਾ ਰਹੀ ਹੈ, ਉਹ ਵਾਪਸ ਲੈ ਲਈ ਜਾਵੇ, ਨਹੀਂ ਤਾਂ ਸਿੱਖ ਸਦਭਾਵਨਾ ਦਲ ਖ਼ੁਦ ਉਨ੍ਹਾਂ ਦੀਆਂ ਸੇਵਾਵਾਂ ਖ਼ਤਮ ਕਰਾਉਣ ਲਈ ਕਦਮ ਚੁੱਕੇਗਾ। ਵਡਾਲਾ ਨੇ ਦੋਸ਼ ਲਾਇਆ ਕਿ ਸਾਰੇ ਕਾਰ ਸੇਵਾ ਵਾਲੇ ਬਾਬੇ ਪੁਰਾਤਨ ਸਿੱਖ ਇਤਿਹਾਸ ਨੂੰ ਕਾਰ ਸੇਵਾ ਦੇ ਨਾਂ 'ਤੇ ਖ਼ਤਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਾਰ ਸੇਵਾ ਵਾਲੇ ਬਾਬੇ ਸਿੱਖ ਇਤਿਹਾਸ ਬਚਾਅ ਨਹੀਂ ਸਕਦੇ ਤਾਂ ਖ਼ਤਮ ਵੀ ਨਾ ਕਰਨ। ਉਨ੍ਹਾਂ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਉਹ ਗੁਰ-ਦੁਆਰਾ ਸੁਧਾਰ ਲਹਿਰ ਨਾਲ ਜੁੜਨ ਤਾਂ ਕਿ ਗੁਰੂ ਘਰਾਂ 'ਚੋਂ ਮਹੰਤੀ ਸੋਚ ਨੂੰ ਕੱਢਿਆ ਜਾ ਸਕੇ।

# ਐੱਸ ਸੀ/ ਬੀ ਸੀ ਵਰਗ ਦੇ ਕਰੀਮੀ ਲੇਅਰ ਦੇ ਲਈ ਮੁਫ਼ਤ ਬਿਜਲੀ ਸੁਵਿਧਾ ਨਹੀਂ ਮਿਲੇਗੀ

ਚੰਡੀਗੜ੍ਹ, 23 ਫਰਵਰੀ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਐੱਸ ਸੀ ਅਤੇ ਬੀ ਸੀ ਵਰਗ ਵਿੱਚ ਕਰੀਮੀ ਲੇਅਰ ਦੇ ਲਈ ਮੁਫਤ ਬਿਜਲੀ ਦੀ ਸੁਵਿਧਾ ਬੰਦ ਕਰਨ ਦਾ ਫੈਸਲਾ ਕੀਤਾ ਹੈ, ਜਿਸ ਬਾਰੇ ਕੱਲ੍ਹ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ (ਪਾਵਰਕਾਮ) ਨੇ ਸਕੂਰਲਰ ਜਾਰੀ ਕਰ ਦਿੱਤਾ ਹੈ।



ਚੀਫ ਇੰਜੀਨਿਆਰ ਕਮਰਸ਼ਲ ਦੀ ਵੱਲੋਂ ਜਾਰੀ ਕੀਤੇ ਸਰਕੂਲਰ ਮੁਤਾਬਕ ਪੰਜਾਬ ਸਰਕਾਰ ਵੱਲੋਂ ਏ ਸੀ ਅਤੇ ਬੀ ਸੀ ਵਰਗ ਦੇ ਉਨ੍ਹਾਂ ਲੋਕਾਂ ਨੂੰ 200 ਯੂਨਿਟ ਮੁਫ਼ਤ ਬਿਜਲੀ ਦੀ ਸੁਵਿਧਾ ਦਿੱਤੀ ਜਾਂਦੀ ਹੈ, ਜਿਨ੍ਹਾਂ ਦੀ ਘਰੇਲੂ ਜ਼ਰੂਰਤ ਇੱਕ ਕਿਲੋਵਾਟ ਤੱਕ ਹੋਵੇ, ਇਸ ਵਿੱਚੋਂ ਐੱਸ ਸੀ ਅਤੇ ਬੀ ਸੀ ਵਰਗ ਵਾਲੇ ਕਰੀਮੀ ਲੇਅਰ ਦੇ ਲਈ ਇਹ ਸੁਵਿਧਾ ਬੰਦ ਕਰ ਦਿੱਤੀ ਗਈ ਹੈ। ਇਸ ਲੇਅਰ ਵਿੱਚ ਸੰਵੈਧਾਨਿਕ ਅਹੁਦਿਆਂ ਵਾਲੇ ਸਾਬਕਾ ਅਤੇ ਮੌਜੂਦਾ ਅਫਸਰਾਂ, ਸਾਬਕਾ ਅਤੇ ਮੌਜੂਦਾ ਮੰਤਰੀਆਂ, ਮੰਤਰੀਆਂ, ਪਾਰਲੀਮੈਂਟ ਮੈਂਬਰਾਂ, ਵਿਧਾਇਕਾਂ, ਕੌਂਸਲਰਾਂ, ਸਾਬਕਾ ਅਤੇ ਮੌਜੂਦਾ ਮੇਅਰਾਂ, ਜ਼ਿਲ੍ਹਾ ਪੰਚਾਇਤਾਂ ਦੇ ਮੌਜੂਦਾ ਤੇ ਸਾਬਕਾ ਚੇਅਰਪਰਸਨ, ਸਾਰੇ ਮੌਜੂਦਾ ਅਤੇ ਸਾਬਕਾ ਅਫਸਰ, ਸਾਰੇ ਪੈਸ਼ਨਰਾਂ, ਜਿਨ੍ਹਾਂ ਦੀ ਪੈਨਸ਼ਨ 10 ਹਜ਼ਰ ਰੁਪਏ ਮਹੀਨਾ ਜਾ ਇਸ ਤੋਂ ਵੱਧ ਹੈ, ਡਾਕਟਰ, ਇੰਜੀਨੀਅਰ, ਵਕੀਲ, ਚਾਰਟਰਡ ਅਕਾਊਂਟੈਂਟ, ਆਰਕੀਟੈਕਟ ਆਦਿ ਵਰਗ, ਜੋ ਵੱਧ ਆਮਦਨ ਕੈਟਾਗਿਰੀ ਵਿੱਚ ਆਉਂਦੇ ਹਨ, ਲਈ 200 ਯੂਨਿਟ ਮੁਫਤ ਬਿਜਲੀ ਸਹੂਲਤ ਬੰਦ ਕਰ ਦਿੱਤੀ ਗਈ ਹੈ। ਜਾਰੀ ਹੋਏ ਪੱਤਰ ਦੇ ਮੁਤਾਬਕ ਮੁਫਤ ਬਿਜਲੀ ਦੀ ਸੁਵਿਧਾ ਸਿਰਫ਼ ਐਸ ਸੀ ਅਤੇ ਬੀ ਸੀ ਵਰਗ ਦੇ ਆਰਥਿਕ ਪੱਖੋਂ ਕਮਜ਼ੋਰ ਵਰਗ ਨੂੰ ਮਿਲੇਗੀ ਜਿਨ੍ਹਾਂ ਦਾ ਘਰੇਲੂ ਲੋਡ ਇੱਕ ਕਿਲੋਵਾਟ ਤੱਕ ਹੋਵੇਗਾ। ਯਾਦ ਰਹੇ ਕਿ ਪੰਜਾਬ ਵਿੱਚ ਇਸ ਵਕਤ ਬਿਜਲੀ ਦੀਆਂ ਮਹਿੰਗੀਆਂ ਦਰਾਂ ਵੱਡਾ ਮੁੱਦਾ ਬਣੀਆਂ ਹੋਈਆਂ ਹਨ।






ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕੋਰੋਨਾ ਵਾਇਰਸ ਦਾ ਅਸਰ: ਸੈਮਸੰਗ ਦੀ ਗੈਲੈਕਸੀ ਜ਼ੈੱਡ ਫਲਿਪ ਬਣਾਉਣ ਦੀ ਫੈਕਟਰੀ ਬੰਦ




ਸਿਓਲ, 23 ਫਰਵਰੀ, (ਪੋਸਟ ਬਿਊਰੋ)- ਸੈਮਸੰਗ ਕੰਪਨੀ ਨੂੰ ਸਾਊਥ ਕੋਰੀਆ ਵਿਚਲੀ ਆਪਣੀ ਇਕ ਫੈਕਟਰੀ ਬੰਦ ਕਰਨੀ ਪਈ ਹੈ। ਇਸ ਫੈਕਟਰੀ ਵਿੱਚ ਇਹ ਕੰਪਨੀ ਆਪਣਾ ਪਿੱਛੇ ਜਿਹੇ ਲਾਂਚ ਹੋਇਆ ਸੈਮਸੰਗ ਗੈਲੈਕਸੀ ਜ਼ੈੱਡ ਫਲਿਪ ਵਾਲਾ ਫੋਨ ਸੈੱਟ ਬਣਾਉਂਦੀ ਸੀ। ਫੈਕਟਰੀ ਵਿੱਚ ਕੋਰੋਨਾ ਵਾਇਰਸ ਦਾ ਪਾਜ਼ਿਟਿਵ ਕੇਸ ਸਾਹਮਣੇ ਆਉਣ ਮਗਰੋਂ ਕੰਪਨੀ ਨੇ ਇਸ ਨੂੰ ਅਸਥਾਈ ਰੂਪ ਨਾਲ ਬੰਦ ਕਰ ਦਿੱਤਾ ਹੈ। ਪਤਾ ਲੱਗਾ ਹੈ ਕਿ ਸਾਊਥ ਕੋਰੀਆ ਵਿੱਚ ਗੁਮੀ ਸਿਟੀ ਵਿੱਚ ਇਸ ਸਥਿਤ ਫੈਕਟਰੀ ਨੂੰ 25 ਫਰਵਰੀ ਤੱਕ ਬੰਦ ਰੱਖਿਆ ਜਾਵੇਗਾ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਲਾਂਚ ਹੋਏ ਗੈਲੈਕਸੀ ਜ਼ੈੱਡ1 ਫਲਿੱਪ ਨੂੰ ਏਨਾ ਸ਼ਾਨਦਾਰ ਰਿਸਪਾਂਸ ਮਿਲਿਆ ਸੀ ਕਿ ਦੁਨੀਆ ਭਰ ਦੇ ਦੇਸ਼ਾਂ ਵਿੱਚ ਇਹ ਲਾਂਚ ਹੋਣ ਤੋਂ ਬਾਅਦ ਕੁਝ ਸਮੇਂ ਵਿੱਚ ਹੀ ਕਈ ਮਾਰਕੀਟਸ ਤੋਂ ਆਊਟ ਆਫ ਸਟਾਕ ਹੋ ਗਿਆ। ਅੱਜ ਇਹ ਫੈਕਟਰੀ ਬੰਦ ਹੋਣ ਨਾਲ ਫੋਨ ਦੀ ਸਪਲਾਈ ਵਿੱਚ ਕੁਝ ਸਮਾਂ ਲੱਗ ਸਕਦਾ ਹੈ। ਦੁਨੀਆ ਭਰ ਦੇ ਮਾਰਕੀਟਸ ਵਾਂਗ ਭਾਰਤ ਵਿੱਚ ਵੀ ਇਸ ਦੀ ਭਾਰੀ ਡਿਮਾਂਡ ਹੈ। ਭਾਰਤ ਵਿੱਚ ਇਸ ਫੋਨ ਦੀ ਪਹਿਲੀ ਸੇਲ ਸ਼ੁਰੂ ਹੋਣ ਦੇ ਕੁਝ ਮਿੰਟਾਂ ਵਿੱਚ ਹੀ ਆਊਟ ਆਫ ਸਟਾਕ ਹੋ ਗਿਆ ਸੀ। ਸੈਮਸੰਗ ਇੰਡੀਆ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਜਿਨ੍ਹਾਂ ਯੂਜ਼ਰਸ ਨੇ ਇਸ ਫੋਨ ਲਈ ਪ੍ਰੀ-ਆਰਡਰ ਕੀਤਾ ਹੈ, ਉਨ੍ਹਾਂ ਨੂੰ 26 ਫਰਵਰੀ ਤਕ ਇਸ ਦੀ ਡਿਲਿਵਰੀ ਕਰ ਦਿੱਤੀ ਜਾਵੇਗੀ। ਭਾਰਤ ਵਿੱਚ ਇਸ ਫੋਨ ਦੀ ਕੀਮਤ 1,09,990 ਰੁਪਏ ਹੈ।













## ਪਾਕਿਸਤਾਨ ਯਾਤਰਾ ਭਾਗ- 6

# ਆਖਰੀ ਦਿਨ-ਸੁਖਦ ਦੁਖਦ ਅਨੁਭਵਾਂ ਦਾ ਸੁਮੇਲ





...ਪੰਨਾ 1 ਦਾ ਬਾਕੀ

ਇਸ ਗੁਰਦੁਆਰਾ ਸਾਹਿਬ ਦੇ ਮੁੱਖ ਸਥਾਨ ਦੀ ਮੁੜ-ਉਸਾਰੀ ਦੀ ਸੇਵਾ 1925 ਵਿਚ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਵੱਲੋਂ 1 ਲੱਖ 25 ਹਜ਼ਾਰ 600 ਰੁਪਏ ਦੀ ਲਾਗਤ ਨਾਲ ਕਰਵਾਈ ਗਈ ਸੀ। ਇਸਤੋਂ ਬਾਅਦ 1995 ਵਿਚ ਪਾਕਿਸਤਾਨ ਸਰਕਾਰ ਨੇ ਕਾਫੀ ਵੱਡੀ ਰਕਮ ਖਰਚ ਕੇ ਗੁਰਦੁਆਰਾ ਸਾਹਿਬ ਦੀ ਮੁਰੰਮਤ ਦਾ ਕਾਰਜ ਕਰਵਾਇਆ ਗਿਆ ਸੀ। ਪਿਛਲੇ ਸਾਲ ਗੁਰੂ ਸਾਹਿਬ ਦੇ 550ਵੇਂ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਨੇ ਸਿੱਖ ਸੰਗਤਾਂ ਦੇ ਦਰਸ਼ਨਾਂ ਹਿੱਤ ਲਾਂਘੇ ਦਾ ਉਦਘਾਟਨ ਕੀਤਾ। ਇਸ ਲਾਂਘੇ ਦਾ ਨੀਂਹ ਪੱਥਰ ਭਾਰਤ ਸਰਕਾਰ ਨੇ 26 ਨਵੰਬਰ 2018 ਨੂੰ ਰੱਖਿਆ ਜਦੋਂ ਕਿ ਦੋ ਦਿਨ ਬਾਅਦ ਪਾਕਿਸਤਾਨ ਸਰਕਾਰ ਵੱਲੋਂ ਨੀਂਹ ਪੱਧਰ ਰੱਖਿਆ ਗਿਆ।

ਮੇਰੇ ਸਮੇਤ ਜਦੋਂ ਕੁਲਵਿੰਦਰ ਸਿੰਘ ਛੀਨਾ, ਰਣਧੀਰ ਰਾਣਾ ਅਤੇ ਜੁਗਰਾਜ ਸਿੱਧੂ ਦਾ ਵਫ਼ਦ ਇੱਥੇ ਪੁਜਿਆ ਤਾਂ ਪਤਾ ਲੱਗਿਆ ਕਿ ਸਯੁੰਕਤ ਰਾਸ਼ਟਰ ਦੇ ਸਕੱਤਰ ਦੀ ਕਰਤਾਰ-ਪੁਰ ਸਾਹਿਬ ਫੇਰੀ ਨੂੰ ਮੁੱਖ ਰੱਖਦਿਆਂ ਸੁੱਰਖਿਆ ਇੰਤਜ਼ਾਮ ਸਖ਼ਤ ਕੀਤੇ ਗਏ ਹਨ। ਸਿੱਟੇ ਵਜੋਂ ਸਾਨੂੰ ਦਾਖ਼ਲ ਹੋਣ ਵਿੱਚ ਕਾਫੀ ਦੇਰ ਲੱਗ ਗਈ। ਬੇਸ਼ੱਕ ਪਾਕਿਸਤਾਨ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਪਾਸਪੋਰਟ ਵਿਖਾਉਣ ਦੀ ਲੋੜ ਨਹੀਂ ਪਰ ਸਾਨੂੰ ਕਈ ਥਾਵਾਂ ਉੱਤੇ ਪਾਸਪੋਰਟ ਪੇਸ਼ ਕਰਨੇ ਪਏ। ਅੰਤ ਨੂੰ ਸਾਰੇ ਸੁਰੱਖਿਆ ਘੇਰਿਆਂ ਦੀ ਛਾਣਬੀਣ ਨੂੰ ਪਾਰ ਕਰਨ ਤੋਂ ਬਾਅਦ ਸਾਡੇ ਗਲਾਂ ਵਿੱਚ ਇੱਕ ਇਲੈਕਟਰਾਨਿਕ ਚਿੱਪ ਵਾਲਾ ਕਾਰਡ ਪਾ ਦਿੱਤਾ ਗਿਆ ਜਿਸ ਉਪਰੰਤ ਅਸੀਂ ਦਰਸ਼ਨੀ ਡਿਊੜੀ ਰਾਹੀਂ ਗੁਰਦੁਆਰਾ ਸਾਹਿਬ ਅੰਦਰ ਦਾਖ਼ਲ ਹੋ ਗਏ। ਗੁਰੁਦਆਰਾ ਸਾਹਿਬ ਦੀ ਅਤੀ ਸੁੰਦਰ ਦੁੱਧ ਚਿੱਟੀ ਇਮ-ਾਰਤ ਅਮਨ ਅਤੇ ਸਕੂਨ ਦਾ ਨਜ਼ਾਰਾ ਪੇਸ਼ ਕਰ ਰਹੀ ਸੀ। ਆਲੇ ਦੁਆਲੇ ਲੱਗੇ ਖ਼ੂਬਸੂਰਤ ਫੁੱਲ ਬੂਟੇ ਤੁਹਾਡਾ ਦਿਲੋਂ ਸੁਆਗਤ ਕਰ ਰਹੇ ਜਾਪਦੇ ਸਨ।

ਦਰਬਾਰ ਸਾਹਿਬ ਦੀ ਪਹਿਲੀ ਮੰਜ਼ਿਲ ਵਿੱਚ ਗੁਰੂ ਨਾਨਕ ਦੇਵ ਜੀ ਦੀ ਮਜ਼ਾਰ ਹੈ ਜਿੱਥੇ ਅਸੀਂ ਕਈ ਮੁਸਲਮਾਨ ਭਰਾਵਾਂ ਨੂੰ ਨਤਮ-ਸਤਕ ਕਰਦੇ ਵੇਖਿਆ। ਦੂਜੀ ਮੰਜ਼ਲ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹਨ ਜਿੱਥੇ ਮਧੁਰ ਬਾਣੀ ਦਾ ਪਰਵਾਹ ਚੱਲ ਰਿਹਾ ਸੀ। ਅਸੀਂ ਨੋਟਿਸ ਕੀਤਾ ਕਿ ਜ਼ਿਆਦਾਤਰ ਮੁਸਲਮਾਨ ਸ਼ਰਧਾਲੂ ਮਜ਼ਾਰ ਤੋਂ ਹੀ ਵਾਪਸ ਮੁੜ ਜਾਂਦੇ ਸਨ।

ਗੁਰਦੁਆਰਾ ਸਾਹਿਬ ਦੇ ਅਹਾਤੇ ਵਿਚ ਮੁੱਖ ਆਕਰਸ਼ਣ ਇਕ ਬਹੁਤ ਸੁੰਦਰ ਅਤੇ ਵੱਡ ਅੱਕਾਰੀ ਕਿਰਪਾਨ ਹੈ। ਇਹ ਕਿਰਪਾਨ ਦਰਅਸਲ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਰੱਖੇ ਗਏ ਨੀਂਹ ਪੱਥਰ ਦੀ ਪ੍ਰਤੀਕ ਹੈ। ਇਸ ਸਥਾਨ ਉੱਤੇ ਕਿਰਪਾਨ ਦਾ ਸਿੰਬਲ ਸਾਨੂੰ ਬਾਬਾ ਨਾਨਕ ਵੱਲੋਂ ਕਦੇ ਵੀ ਕਿਰਪਾਨ ਧਾਰਨ ਨਾ ਕਰਨ ਅਤੇ ਕਿਰਤ ਕਰਨ - ਵੰਡ ਛੱਕਣ ਦੇ ਅਮਰ ਸਿਧਾਂਤਾਂ ਵੱਲ ਧੂਹ ਕੇ ਲੈ ਗਿਆ। ਇਸ ਸਥਾਨ ਉੱਤੇ ਕਿਰਪਾਨ ਨੂੰ ਯਾਦਗਾਰ ਬਣਾਇਆ ਵੇਖ ਕੇ ਸਾਨੂੰ ਬਾਬਾ ਜੀ ਦੀ ਰਬਾਬ ਚੇਤੇ ਆਈ ਜਿਸ ਦੀਆਂ ਤਾਰਾਂ ਨੂੰ ਧੁਰੋਂ ਆਈ ਬਾਣੀ ਛੂੰਹਦੀ ਸੀ।

ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਉੱਤੇ ਚੜ ਕੇ ਅਸੀਂ ਭਾਰਤੀ ਪੰਜਾਬ ਵੱਲ ਝਾਤੀ ਮਾਰੀ ਤਾਂ ਡੇਰਾ ਬਾਬਾ ਨਾਨਕ ਅਤੇ ਹੋਰ ਪਿੰਡਾਂ ਕਸਬਿਆਂ ਦੀਆਂ ਧੁੰਦਲੀਆਂ ਜਿਹੀਆਂ ਆਕਰਤੀਆਂ ਦਿਸਦੀਆਂ ਹਨ ਜੋ ਇੱਕ ਅਜੀਬ ਖਿੱਚ ਪੈਦਾ ਕਰ ਰਹੀਆਂ ਸਨ। ਕਿੰਨਾ ਚੰਗਾ ਹੋਵੇ ਜੇ ਪਾਕਿਸਤਾਨ ਵੱਲ ਵੀ ਭਾਰਤ ਦੀ ਤਰਜ਼ ਉੱਤੇ ਦੂਰਬੀਨ ਲਾ ਕੇ ਸ਼ਰਧਾਲੂਆਂ ਨੂੰ ਉਸ ਪਾਸੇ ਵੱਲ ਸਪੱਸ਼ਟਤਾ ਨਾਲ ਨਜ਼ਰ ਮਾਰਨ ਦਾ ਅਵਸਰ ਦਿੱਤਾ ਜਾਵੇ।











ਗੁਰਦੁਆਰਾ ਸਾਹਿਬ ਦੀ ਛੱਤ ਤੋਂ ਭਾਰਤੀ ਪੰਜਾਬ ਦੀ ਝਲਕ ਵੇਖਦਿਆਂ ਖਿਆਲ ਆਇਆ ਕਿ ਕੁਲਵਿੰਦਰ ਛੀਨਾ ਦੀ ਅੱਜ ਸ਼ਾਮ ਨੂੰ ਅਮ੍ਰਿਤਸਰ ਤੋਂ ਟੋਰਾਂਟੋ ਲਈ ਫਲਾਈਟ ਹੈ ਜਿਸ ਕਾਰਣ ਉਹ ਨਾਨਕ ਸਾਹਿਬ ਦੀ ਪਵਿੱਤਰ ਧਰਤੀ ਨੂੰ ਸਿਰ ਝੁਕਾਉਂਦਿਆਂ ਜਲਦੀ ਰੁਖਤਸ ਹੋ ਗਿਆ। ਇੰਟਰਨੈੱਟ ਉੱਤੇ ਪਾਈ ਗਈ ਜਾਣਕਾਰੀ ਮੁਤਾਬਕ ਪਾਕਿਸਤਾਨ ਦਾ ਬਾਰਡਰ ਪਾਰ ਕਰਨ ਦਾ ਸਮਾਂ ਸ਼ਾਮੀ ਪੰਜ ਵਜੇ ਤੱਕ ਸੀ ਪਰ ਕੁਲਵਿੰਦਰ ਨੂੰ ਉੱਥੇ ਪੁੱਜਣ ਤੋਂ ਬਾਅਦ ਪਤਾ ਲੱਗਾ ਕਿ ਵਾਹਗਾ ਬਾਰਡਰ ਉੱਤੇ ਹਰ ਰੋਜ਼ ਹੋਣ ਵਾਲੀ 'ਰੀਟਰੀਟ ਦੀ ਰਸਮ' ਕਾਰਣ ਐਂਟਰੀ ਸਾਢੇ ਤਿੰਨ ਵਜੇ ਬੰਦ ਕਰ ਦਿੱਤੀ ਜਾਂਦੀ ਹੈ। ਮੌਜੂਦ ਅਧਿਕਾਰੀ ਕੁਲਵਿੰਦਰ ਛੀਨਾ ਨੂੰ ਕਾਫੀ ਦੇਰ ਲਾਰੇ ਲੱਪੇ ਲਾਉਂਦੇ ਰਹੇ ਜਿਸ ਦਰਮਿਆਨ ਅਸੀਂ ਵੀ ਉੱਥੇ ਪੁੱਜ ਗਏ। ਫਰਕ ਬੱਸ ਐਨਾ ਪਿਆ ਕਿ ਹੁਣ ਕੁਲਵਿੰਦਰ ਨੂੰ ਇੱਕਲਿਆਂ ਉਡੀਕ ਨਹੀਂ ਸੀ ਕਰਨੀ ਪੈ ਰਹੀ ਸਗੋਂ ਉਸਨੂੰ ਸਾਡਾ ਸਾਥ ਮਿਲ ਗਿਆ ਸੀ। ਬਾਕੀ ਉਡੀਕ ਦਾ ਪਰਨਾਲਾ ਉੱਥੇ ਦਾ ਉੱਥੇ ਹੀ ਸੀ।

ਜਦੋਂ 4-5 ਘੰਟੇ ਇੰਤਜ਼ਾਰ ਤੋਂ ਬਾਅਦ ਵੀ ਸਾਡੀ ਬਾਰਡਰ ਪਾਰ ਕਰਨ ਦੀ ਬੇੜੀ ਕਿਸੇ ਤਣ ਪੱਤਣ ਨਾ ਲੱਗਦੀ ਵਿਖਾਈ ਦਿੱਤੀ ਤਾਂ ਰਣਧੀਰ ਰਾਣਾ ਨੇ ਡਿਊਟੀ ਅਧਿਕਾਰੀ ਨੂੰ ਇੱਕ ਕਹਾਣੀ ਸੁਣਾਈ ਕਿ ਕਿਵੇਂ ਇੱਕ ਪੇਂਡੂ ਬੰਦੇ ਨੂੰ ਇਲਾਕੇ ਦਾ ਸਿਆਸਤਦਾਨ ਕੰਮ ਕਰਵਾਉਣ ਲਈ ਦਿਨਾਂ, ਹਫ਼ਤਿਆਂ ਅਤੇ ਮਹੀਨਿਆਂ ਬੱਧੀ ਲਾਰੇ ਲਾਉਂਦਾ ਰਿਹਾ। ਜਦੋਂ ਭਲੇ ਆਦਮੀ ਨੇ ਪੁੱਛਿਆ ਕਿ ਇੰਤਜ਼ਾਰ ਨਾਲੋਂ ਤਾਂ ਮੈਨੂੰ ਜਵਾਬ ਹੀ ਦੇ ਦਿਉ ਤਾਂ ਸਿਆ-ਸਤਦਾਨ ਦਾ ਆਖਣਾ ਸੀ ਕਿ ਮੇਰਾ ਤਾਂ ਜਵਾਬ ਪਹਿਲੇ ਦਿਨ ਤੋਂ ਹੀ ਸੀ ਇਹ ਤਾਂ ਤੈਨੂੰ ਹੀ ਗੱਲ ਸਮਝਣ ਵਿਚ ਐਨੀ ਦੇਰ ਲੱਗ ਗਈ। ਇਹ ਮਜਾਕੀਆ ਕਿੱਸਾ ਸੁਣ ਕੇ ਅਫ਼ਸਰ ਥੋੜਾ ਛਿੱਥਾ ਪਿਆ ਪਰ ਆਪਣੇ ਨਿੰਕਮੇਪਣ ਨੂੰ ਸਰਕਾਰੀ ਢੀਠਪੁਣੇ ਹੇਠ ਲੁਕਾਉਂਦੇ ਹੋਏ ਆਖਣ ਲੱਗਿਆ, ' ਤੁਸੀਂ ਕੱਲ ਸਵੇਰੇ ਆ ਜਾਣਾ ਅਤੇ ਤੁਹਾਡਾ ਕੰਮ ਸੱਭਨਾਂ ਤੋਂ ਪਹਿਲਾਂ ਕੀਤਾ ਜਾਵੇਗਾ'। ਇੰਝ ਸਾਡਾ ਸਾਰਿਆਂ ਦਾ ਮੁੜ ਲਾਹੌਰ ਆਉਣ ਦਾ ਸਬੱਬ ਬਣ ਗਿਆ।

ਲਾਹੌਰ ਆ ਕੇ ਅਸੀਂ ਕਾਰਾਂ ਵਿੱਚ ਜਾਣ ਦੀ ਥਾਂ ਆਟੋ ਰਿਕਸ਼ਾ ਕਰਕੇ ਸ਼ਾਹੀ ਕਿਲੇ ਅਤੇ ਅਨਾਰਕਲੀ ਬਜ਼ਾਰ ਦਾ ਰੌਣਕ ਮੇਲਾ ਵੇਖਣ ਨਿਕਲ ਪਏ। ਸਟਰੀਟ ਫੂਡ ਲਈ ਪ੍ਰਸਿੱਧ ਇਸ ਇਲਾਕੇ ਦੀ ਰੰਗਤ ਨੂੰ ਅਸੀਂ ਸ਼ਾਹੀ ਕਿਲੇ ਦੇ ਸਾਹਮਣੇ ਟੇਬਲ ਲੁਆ ਕੇ ਮਾਣਿਆ। ਸੁਆਦ ਚੱਖਣ ਦੀ ਲਾਲਸਾ ਨਾਲ ਵੱਖ 2 ਕਿਸਮ ਦੇ ਭੋਜਨ ਮੰਗਵਾਏ। ਖਾਣਾ ਖਾਂਦੇ ਹੋਏ ਅਸੀਂ ਨੋਟਿਸ ਕੀਤਾ ਕਿ ਦੋ ਅੱਧਖੜ ਉਮਰ ਦੇ ਬੰਦੇ ਸਾਡੋਂ ਕੋਲੋਂ ਗੁਜ਼ਰ ਕੇ ਥੋੜੀ ਦੂਰ ਖਲੋਤੇ ਕਾਫੀ ਦੇਰ ਸਾਨੂੰ ਨੀਝ ਲਾ ਕੇ ਤੱਕਦੇ ਰਹੇ ਸਨ। ਸਾਨੂੰ ਹੈਰਾਨੀ ਦੀ ਹੱਦ ਉਸ ਵੇਲੇ ਹੋਈ ਜਦੋਂ ਸਾਨੂੰ ਦੱਸਿਆ ਗਿਆ ਕਿ 14,000 ਰੁਪਏ ਦੇ ਕਰੀਬ ਖਾਣੇ ਦਾ ਬਿੱਲ ਉਹ ਦੋਵੇਂ ਭੱਦਰਪੁਰਸ਼ ਬਗੈਰ ਕੁੱਝ ਦੱਸਿਆਂ ਅਦਾ ਕਰਕੇ ਚਲੇ ਗਏ ਸਨ। ਇੱਥੇ ਹੀ ਸਾਡਾ ਇੱਕ ਨੌਜਵਾਨ ਜੋੜੇ ਨਾਲ ਮਿਲਣਾ ਹੋਇਆ ਜਿਹਨਾਂ ਦੇ ਹੱਥਾਂ ਵਿੱਚ ਦੋ ਕੁ ਹਫਤਿਆਂ ਦੀ ਨਵਜਾਤ ਬੱਚੀ ਸੀ। ਮਾਪਿਆਂ ਨੇ ਮੇਰੇ ਨਾਲ ਇਹ ਆਖ ਕੇ ਫੋਟੋ ਖਿਚਵਾਉਣ ਲਈ ਆਖਿਆ ਕਿ ਜੱਗ ਜਹਾਨ ਵਿੱਚ ਆਈ ਆਪਣੀ ਨਵੀਂ ਬੱਚੀ ਲਈ ਉਹ ਇੱਕ ਵੱਖਰੀ ਕਿਸਮ ਦੀ ਯਾਦ ਕਾਇਮ ਕਰਨਾ ਲੋਚਦੇ ਹਨ। ਅੱਜ ਜੁਗਰਾਜ ਸਿੱਧੂ ਨੇ ਦਸਤਾਰ ਨਹੀਂ ਸੀ ਬੰਨੀ ਹੋਈ ਹਾਲਾਂਕਿ ਪਾਕਿਸਤਾਨ ਫੇਰੀ ਦੌਰਾਨ ਉਹ ਤਕਰੀਬਨ ਹਰ ਥਾਂ ਉਹ ਪੱਗ ਬੰਨ ਕੇ ਰੱਖਦਾ ਰਿਹਾ ਸੀ। ਉਸਨੇ ਮਹਿਸੂਸ ਕੀਤਾ ਕਿ ਬਿਨਾ ਦਸਤਾਰ ਤੋਂ ਉਸਨੂੰ ਬਹੁਤ ਘੱਟ ਲੋਕੀ ਸਲਾਮਾਂ ਕਰ ਰਹੇ ਸਨ ਕਿਉਂਕਿ ਉਸ ਵਿਚ ਕੋਈ ਨਿਵੇਕਲਾਪਣ ਵਿਖਾਈ ਨਹੀਂ ਸੀ ਦੇਂਦਾ। ਬਜ਼ਾਰ ਦਾ ਆਨੰਦ ਮਾਣ ਕੇ ਜਦੋਂ ਅਸੀਂ ਆਟੋ ਰਿਕਸ਼ਾ ਰਾਹੀਂ ਵਾਪਸ ਹੋਟਲ ਪਰਤਣ ਲਈ ਤਿਆਰ ਹੋਏ ਤਾਂ ਇੱਕ ਮਦਾਰੀ ਵੱਲੋਂ ਕੀਤੇ ਜਾ ਰਹੇ ਤਮਾਸ਼ੇ ਦੀ ਵੀਡੀਓ ਬਣਾਉਣ ਦਾ ਜੀਅ ਕੀਤਾ। ਜਦੋਂ ਰਣਧੀਰ ਰਾਣਾ ਨੇ ਫੋਨ ਕੱਢ ਕੇ ਵੀਡੀਓ ਬਣਾਉਣੀ ਚਾਹੀ ਤਾਂ ਜਾਣਿਆ ਕਿ ਉਸਦਾ ਫੋਨ ਗੁਆਚ ਚੁੱਕਾ ਹੈ। ਇਸ ਫੋਨ ਵਿੱਚ ਉਸਨੇ ਆਪਣੇ ਟੀ ਵੀ ਸ਼ੋਅ ਲਈ ਕਿੰਨੀਆਂ ਹੀ ਯਾਦਾਂ ਨੂੰ ਕੈਦ ਕੀਤਾ ਹੋਇਆ ਸੀ ਜੋ ਸਾਰਾ ਹੀ ਪਲ ਭਰ ਵਿੱਚ ਛਾਈਂ ਮਾਈਂ ਹੋ ਗਿਆ। ਕੁਲਵਿੰਦਰ ਛੀਨਾ ਦੀ ਫਲਾਈਟ ਛੁਟ ਜਾਣ ਅਤੇ ਰਣਧੀਰ ਰਾਣਾ ਦੇ ਫੋਨ ਗੁਆਚਣ ਦੀਆਂ ਘਟਨਾਵਾਂ ਨਾਲ ਸਾਡੀ ਪਾਕਿਸਤਾਨ ਦੀ ਖੂਬਸੂਰਤ ਅਤੇ ਮਹੱਤਵਪੂਰਣ ਯਾਦਾਂ ਭਰੀ ਫੇਰੀ ਦੇ ਆਖਰੀ ਦਿਨ ਦੀ ਸਮਾਪਤੀ ਹੋਈ।

AIRMORE Heating & Air Conditioning Experts
Sales - Service - Installation
Residential / Commercial
ਅਸੀਂ ਕਿਸੇ ਵੀ ਕੰਪਨੀ ਦੇ ਬਣੇ ਫਰਨਾਂਸ, ਏਅਰ ਕੰਡੀਸ਼ਨਰ ਪਾਣੀ ਦਾ ਹੀਟਰ, ਹੂਮੀਡੀਫਾਇਰ, ਰੂਫਟਾਪ, ਯੂਨੀਟ ਹੀਟਰ ਅਤੇ ਹੋਰ ਬਹੁਤ ਕੁਝ ਨੂੰ ਠੀਕ ਕਰਦੇ ਹਾਂ
Call us 24x7: 647-526-6115


WATNO PAAR Punjabi
Printed In Canada
ਵਤਨੋਂ ਪਾਰ ਪੰਜਾਬੀ
www.watnopaar.ca 905-673-3000 watnopaar@gmail.com
GLORIOUS 18 YEARS OF SUCCESS
A Name of Quality & Quantity
Watno Paar Punjabi



BOOK YOUR AD FOR
2020 WATNO PAAR PUNJABI DIRECTORY

18 GLORIOUS YEARS OF SUCCESS
WE ARE THE #1 CHOICE OF SOUTH ASIAN COMMUNITY IN GTA
Directory Releases Every Year From Last 18 Years
Watnopaar Punjabi Directory is also available online
www.watnopaar.ca | app : watnopaarpunjabi
ANDROID APP ON Google play
ALL PAGES ARE FULLY COLORED
PRESTIGIOUS GLOSSY PAGES $1000 PER PAGE
WITH ONE REGULAR PAGE FREE
REGULAR FULL PAGE $500 PER PAGE
FRONT, BACK, FRONT INNER, BACK INNER, SPINE, BOTTOM LINE (EVERY PAGE), UPPER LINE (EVERY PAGE)
AVAILABLE ON EARLY REQUEST (ASK FOR DETAILS)
Design & Photography Totally Free
www.watnopaar.ca | watnopaar@gmail.com
Contact: 647-893-3600, 905-799-2000, 905-673-3000
7071, Airport Road, #212, Mississauga, ON L4T 4J3

# ਬਾਕੀ ਰਹਿੰਦੇ ਦੋ ਸਾਲਾਂ ਵਿੱਚ ਵੀ ਪੰਜਾਬ ਸਰਕਾਰ ਦਾ ਹਾਲ ਇਹੋ ਰਿਹਾ ਤਾਂ ਬਣੇਗਾ ਕੀ...



ਜਤਿੰਦਰ ਪੰਨੂ

*ਅੱਜਕੱਲ੍ਹ ਕਾਂਗਰਸੀ ਵਿਧਾਇਕ ਪਰਗਟ ਸਿੰਘ ਦੀ ਉਹ ਚਿੱਠੀ ਹਰ ਪਾਸੇ ਚਰਚਾ ਦਾ ਵਿਸ਼ਾ ਹੈ, ਜਿਸ ਦੇ ਲੀਕ ਹੁੰਦੇ ਸਾਰ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਉਸ ਨੂੰ ਸੱਦ ਕੇ ਸੁਣਿਆ ਹੈ। ਪਰਗਟ ਸਿੰਘ ਆਪਣੇ ਰੰਗ ਦਾ ਬੰਦਾ ਹੈ, ਉਹ ਅਕਾਲੀ-ਭਾਜਪਾ ਸਰਕਾਰ ਵੇਲੇ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਮੂਹਰੇ ਵੀ ਇਸ ਗੱਲ ਲਈ ਡਟ ਗਿਆ ਸੀ ਕਿ ਜੇ ਲੋਕਾਂ ਦੀ ਆਵਾਜ਼ ਨਹੀਂ ਸੁਣਨੀ ਤਾਂ ਮੈਂ ਦੂਰ ਖੜਾ ਹੀ ਚੰਗਾ ਹਾਂ, ਘੱਟੋ-ਘੱਟ ਤੁਹਾਡੇ ਕੀਤੇ ਕਾਰਜਾਂ ਦੇ ਲਈ ਜ਼ਿਮੇਵਾਰੀ ਦਾ ਦਾਗ ਲਵਾਉਣ ਤੋਂ ਤਾਂ ਬਚਿਆ ਰਹਾਂਗਾ।*

ਫਰਵਰੀ ਦੇ ਦੂਸਰੇ ਹਫਤੇ ਦਿੱਲੀ ਦੀਆਂ ਚੋਣਾਂ ਅਤੇ ਉਨ੍ਹਾਂ ਦੇ ਨਤੀਜੇ ਨਾਲ ਵੱਡਾ ਝਟਕਾ ਤਾਂ ਭਾਜਪਾ ਨੂੰ ਹੀ ਲੱਗਾ ਸੀ, ਪਰ ਇਸ ਨਾਲ ਪੈਦਾ ਹੋਈ ਹਲਚਲ ਸਾਡੇ ਪੰਜਾਬ ਤੱਕ ਵੀ ਪਹੁੰਚਣ ਲੱਗੀ ਹੈ। ਪੰਜਾਬ ਦੀਆਂ ਚੋਣਾਂ ਬਾਰੇ ਕੋਈ ਇਹ ਕਹਿੰਦਾ ਹੈ ਕਿ ਅਜੇ ਦੋ ਸਾਲ ਦੂਰ ਪਈਆਂ ਹਨ ਤੇ ਕੋਈ ਇਹ ਕਹਿ ਦੇਂਦਾ ਹੈ ਕਿ ਬੱਸ ਆਈਆਂ ਸਮਝੋ, ਮਸਾਂ ਦੋ ਸਾਲਾਂ ਦੀ ਗੱਲ ਹੈ। ਜਿਨ੍ਹਾਂ ਨੂੰ ਸਿਰ ਉੱਤੇ ਆਈਆਂ ਲੱਗਦੀਆਂ ਹਨ, ਉਹ ਦਿੱਲੀ ਪਿੱਛੋਂ ਚੋਖੇ ਸਰਗਰਮ ਹੋ ਗਏ ਹਨ। ਅਗਲੀਆਂ ਚੋਣਾਂ ਵੇਖ ਕੇ ਸਰਗਰਮੀ ਕਰਨ ਵਾਲਿਆਂ ਦੇ ਕਈ ਮੋਰਚੇ ਹਨ, ਜਿਨ੍ਹਾਂ ਵਿੱਚੋਂ ਆਮ ਲੋਕਾਂ ਦਾ ਬਹੁਤਾ ਧਿਆਨ ਇਸ ਪਾਸੇ ਹੀ ਲੱਗਾ ਪਿਆ ਹੈ ਕਿ ਅਕਾਲੀ ਦਲ ਤੋਂ ਵੱਖ ਹੋਏ ਗਰੁੱਪ ਇਸ ਵਕਤ ਬਾਦਲ ਪਰਵਾਰ ਲਈ ਏਦਾਂ ਦੀ ਚੁਣੌਤੀ ਉਭਾਰਨ ਲੱਗੇ ਹਨ, ਜਿਹੋ ਜਿਹੀ ਅੱਜ ਤੱਕ ਇਸ ਪਰਵਾਰ ਸਾਹ-ਮਣੇ ਕਦੇ ਨਹੀਂ ਸੀ ਆਈ। ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਇਹ ਸਰਗਰਮੀ ਸਿਰਫ 'ਪੰਥਕ ਸਿਆਸਤ' ਦੇ ਪਿੜ ਤੱਕ ਬਹੁਤੀ ਪ੍ਰਭਾਵ ਵਾਲੀ ਜਾਪਦੀ ਹੈ। ਦੂਸਰੇ ਪਾਸੇ ਭਾਜਪਾ ਆਗੂਆਂ ਨੇ ਵੀ ਆਪਣੀ ਸਰਗਰਮੀ ਇਸ ਤਰ੍ਹਾਂ ਵਧਾ ਦਿੱਤੀ ਹੈ ਕਿ ਉਨ੍ਹਾਂ ਦੀ ਭਾਈਵਾਲ ਪਾਰਟੀ ਅਕਾਲੀ ਦਲ ਦੇ ਲੀਡਰ ਬਾਹਰੋਂ ਭਾਵੇਂ ਕਹਿੰਦੇ ਹਨ ਕਿ ਕੋਈ ਖਤਰਾ ਨਹੀਂ, ਅੰਦਰੋ-ਅੰਦਰੀ ਉਨ੍ਹਾਂ ਨੂੰ ਕੰਬਣੀ ਛਿੜੀ ਪਈ ਹੈ।

ਜਿਹੜੀ ਗੱਲ ਸਭ ਤੋਂ ਵੱਧ ਉੱਭਰ ਕੇ ਸਾਹਮਣੇ ਆਈ, ਉਹ ਪੰਜਾਬ ਵਿੱਚ ਰਾਜ ਚਲਾ ਰਹੀ ਕਾਂਗਰਸ ਪਾਰਟੀ ਦੇ ਅੰਦਰੋਂ ਨਿਕਲੀ ਹੈ। ਅੱਜਕੱਲ੍ਹ ਕਾਂਗਰਸੀ ਵਿਧਾਇਕ ਪਰਗਟ ਸਿੰਘ ਦੀ ਉਹ ਚਿੱਠੀ ਹਰ ਪਾਸੇ ਚਰਚਾ ਦਾ ਵਿਸ਼ਾ ਹੈ, ਜਿਸ ਦੇ ਲੀਕ ਹੁੰਦੇ ਸਾਰ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਉਸ ਨੂੰ ਸੱਦ ਕੇ ਸੁਣਿਆ ਹੈ। ਪਰਗਟ ਸਿੰਘ ਆਪਣੇ ਰੰਗ ਦਾ ਬੰਦਾ ਹੈ, ਉਹ ਅਕਾਲੀ-ਭਾਜਪਾ ਸਰਕਾਰ ਵੇਲੇ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਮੂਹਰੇ ਵੀ ਇਸ ਗੱਲ ਲਈ ਡਟ ਗਿਆ ਸੀ ਕਿ ਜੇ ਲੋਕਾਂ ਦੀ ਆਵਾਜ਼ ਨਹੀਂ ਸੁਣਨੀ ਤਾਂ ਮੈਂ ਦੂਰ ਖੜਾ ਹੀ ਚੰਗਾ ਹਾਂ, ਘੱਟੋ-ਘੱਟ ਤੁਹਾਡੇ ਕੀਤੇ ਕਾਰਜਾਂ ਦੇ ਲਈ ਜ਼ਿਮੇਵਾਰੀ ਦਾ ਦਾਗ ਲਵਾਉਣ ਤੋਂ ਤਾਂ ਬਚਿਆ ਰਹਾਂਗਾ। ਇਸ ਵਾਰ ਵੀ ਉਹ ਇਸੇ ਪੈਂਤੜੇ ਉੱਤੇ ਹੈ। ਜਦੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸੱਦ ਕੇ ਪੁੱਛਿਆ ਤਾਂ ਉਸ ਨੇ ਉਹ ਸਾਰੀਆਂ ਗੱਲਾਂ ਖੋਲ੍ਹ ਕੇ ਦੱਸ ਦਿੱਤੀਆਂ, ਜਿਨ੍ਹਾਂ ਦੀ ਬਾਹਰ ਲੋਕਾਂ ਵਿੱਚ ਚਰਚਾ ਹੋਣ ਕਾਰਨ ਉਸ ਨੇ ਚਿੱਠੀ ਵਿੱਚ ਲਿਖੀਆਂ ਸਨ। ਨਾਲ ਇਹ ਗੱਲ ਕਹਿ ਦਿੱਤੀ ਕਿ ਪੰਜਾਬ ਦੇ ਲੋਕਾਂ ਨੂੰ ਜਿਹੜੇ ਕੈਪਟਨ ਅਮਰਿੰਦਰ ਸਿੰਘ ਦੀ ਆਸ ਸੀ, ਉਹ ਤੁਸੀਂ ਬਣ ਨਹੀਂ ਰਹੇ ਤੇ ਜੇ ਇਹੋ ਹਾਲ ਰਹਿਣਾ ਹੈ ਤਾਂ ਅਗਲੀਆਂ ਚੋਣਾਂ ਵਿੱਚ ਲੋਕਾਂ ਕੋਲ ਜਾਣਾ ਔਖਾ ਹੋ ਜਾਣਾ ਹੈ। ਇਹ ਸਾਰੀਆਂ ਗੱਲਾਂ ਮੀਡੀਏ ਵਿੱਚ ਆ ਚੁੱਕੀਆਂ ਹਨ। ਕੁਝ ਲੋਕ ਕਹਿ ਰਹੇ ਹਨ ਕਿ ਪਰਗਟ ਸਿੰਘ ਉੱਤੇ ਵੀ ਦਿੱਲੀ ਚੋਣਾਂ ਦਾ ਅਸਰ ਪੈ ਗਿਆ ਹੈ, ਪਰ ਉਹ ਭੁੱਲ ਜਾਂਦੇ ਹਨ ਕਿ ਉਸ ਦੀ ਚਿੱਠੀ ਦੋ ਮਹੀਨੇ ਪੁਰਾਣੀ ਹੈ, ਦਿੱਲੀ ਚੋਣਾਂ ਹੋਣ ਤੋਂ ਪਹਿਲਾਂ ਚੌਵੀ ਦਸੰਬਰ ਦੀ ਹੈ, ਜਦੋਂ ਦਿੱਲੀ ਚੋਣਾਂ ਵਾਲੀ ਗੱਡੀ ਹਾਲੇ ਰਿੜ੍ਹਨ ਵੀ ਨਹੀਂ ਸੀ ਲੱਗੀ। ਓਦੋਂ ਲਿਖੀ ਇਸ ਚਿੱਠੀ ਵਿੱਚ ਉਸ ਨੇ ਰੇਤ-ਬੱਜਰੀ ਦੇ ਕਾਲੇ ਧੰਦੇ ਤੋਂ ਸ਼ੁਰੂ ਕਰ ਕੇ ਰਾਜਸੀ ਖੇਤਰ ਦੇ ਭ੍ਰਿਸ਼ਟਾਚਾਰ ਤੱਕ ਅਤੇ ਨਸ਼ੀਲੇ ਪਦਾਰਥਾਂ ਤੋਂ ਲੈ ਕੇ ਬਰਗਾੜੀ ਦੇ ਬੇਅਦਬੀ ਕਾਂਡ ਤੱਕ ਦੇ ਸਾਰੇ ਮੁੱਦੇ ਲੜੀਵਾਰ ਇੱਕ ਚਾਰਜਸ਼ੀਟ ਵਾਂਗ ਪਰੋਏ ਅਤੇ ਮੁੱਖ ਮੰਤਰੀ ਨੂੰ ਭੇਜ ਦਿੱਤੇ ਸਨ। ਦਿੱਲੀ ਦੀਆਂ ਚੋਣਾਂ ਨਾਲ ਅਗਲਾ ਫਰਕ ਇਹ ਪਿਆ ਹੈ ਕਿ ਜਿਹੜੇ ਕਾਂਗਰਸੀ ਆਗੂ ਅਤੇ ਵਿਧਾਇਕ ਅੱਜ ਤੱਕ ਨਹੀਂ ਬੋਲੇ ਸਨ, ਉਹ ਵੀ ਬੋਲਣ ਲੱਗੇ ਹਨ।




ਇਨ੍ਹਾਂ ਨਵੇਂ ਪੈਦਾ ਹੋਏ ਹਾਲਾਤ ਵਿੱਚ ਕਾਂਗਰਸੀ ਸੱਜਣ ਅਜੇ ਵੀ ਜਦੋਂ ਬੋਲਦੇ ਹਨ ਤਾਂ ਸਿੱਧਾ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਕੋਈ ਦੋਸ਼ ਲਾਉਣ ਤੋਂ ਝਿਜਕਦੇ ਹਨ ਤੇ ਉਨ੍ਹਾਂ ਦੇ ਕੁਝ ਚੋਣਵੇਂ ਸਲਾਹਕਾਰਾਂ, ਜਿਨ੍ਹਾਂ ਵਿੱਚ ਕਾਨੂੰਨੀ ਕੰਮਾਂ ਲਈ ਲਾਏ ਗਏ ਐਡਵੋਕੇਟ ਜਨਰਲ ਅਤੁਲ ਨੰਦਾ ਦਾ ਨਾਂਅ ਜ਼ਿਆਦਾ ਵੱਜਦਾ ਹੈ, ਦੇ ਖਿਲਾਫ ਗੁੱਸਾ ਕੱਢਦੇ ਹਨ। ਪਹਿਲਾਂ ਏਦਾਂ ਦੀ ਗੱਲ ਕਹਿਣ ਲੱਗੇ ਵੀ ਜਿਹੜੇ ਕਾਂਗਰਸੀ ਵਿਧਾਇਕ ਦਸ ਵਾਰੀ ਸੋਚਦੇ ਸਨ, ਜੇ ਉਹ ਅੱਜ ਇਸ ਤਰ੍ਹਾਂ ਸਪੱਸ਼ਟ ਬੋਲੀ ਵਿੱਚ ਕਹਿਣ ਲੱਗੇ ਹਨ ਤਾਂ ਅਗਲਾ ਦੌਰ ਸਿੱਧੀ ਗੱਲ ਮੁੱਖ ਮੰਤਰੀ ਨੂੰ ਕਹਿਣ ਦਾ ਵੀ ਆ ਜਾਣਾ ਹੈ। ਕਈ ਗੱਲਾਂ ਦਾ ਪਹਿਲਾਂ ਆਮ ਲੋਕਾਂ ਨੂੰ ਤਾਂ ਕੀ, ਰਾਜ ਕਰਦੀ ਪਾਰਟੀ ਦੇ ਵਿਧਾਇਕਾਂ ਨੂੰ ਵੀ ਅਤੇ ਪੱਤਰਕਾਰਾਂ ਨੂੰ ਵੀ ਪਤਾ ਨਹੀਂ ਸੀ ਲੱਗ ਰਿਹਾ, ਪਰ ਚੋਣਾਂ ਵਿੱਚ ਮਸਾਂ ਦੋ ਸਾਲ ਰਹਿੰਦੇ ਵੇਖ ਕੇ ਮੁੱਛ ਦਾ ਵਾਲ ਬਣੀ ਅਫਸਰੀ ਫੌਜ ਖੁਦ ਇਹ ਗੱਲਾਂ ਬਾਹਰ ਕੱਢਣ ਲੱਗ ਪਈ ਹੈ। ਇਸ ਸਥਿਤੀ ਵਿੱਚ ਮੁੱਖ ਮੰਤਰੀ ਨੂੰ ਕੁਝ ਕਰਨ ਜਾਂ ਫਿਰ ਭਾਣਾ ਜਰਨ ਵਿੱਚੋਂ ਚੋਣ ਕਰਨੀ ਪੈਣੀ ਹੈ।

ਜਿਹੜੀਆਂ ਗੱਲਾਂ ਇਸ ਵੇਲੇ ਵੱਡੀ ਚਰਚਾ ਦਾ ਵਿਸ਼ਾ ਹਨ, ਉਨ੍ਹਾਂ ਵਿੱਚੋਂ ਇੱਕ ਮੁੱਦਾ ਰੇਤ-ਬੱਜਰੀ ਨੂੰ ਲੁੱਟਦੀ ਪਈ ਉਸੇ ਪੁਰਾਣੀ ਧਾੜ ਦਾ ਹੈ, ਜਿਹੜੀ ਪਿਛਲੀ ਸਰਕਾਰ ਵੇਲੇ ਇਹ ਕਾਲਾ ਧੰਦਾ ਕਰਦੀ ਸੀ। ਉਹੀ ਕਾਰਿੰਦੇ, ਉਹੀ ਮਸ਼ੀਨਾਂ ਤੇ ਉਹੀ ਨੋਟ ਇਕੱਠੇ ਕਰਨ ਵਾਲੀ ਚੰਡੀਗੜ੍ਹ ਵਿਚਲੀ ਕੋਠੀ, ਜਿਸ ਦੀ ਮਾਲਕੀ ਵਾਲੇ ਪਰਵਾਰ ਦੇ ਕੁਝ ਜੀਅ ਬਾਦਲਾਂ ਦੇ ਨੇੜੇ ਹਨ ਅਤੇ ਕੁਝ ਹੋਰ ਕਪਤਾਨੀ ਪਲਟਣ ਦਾ ਅੰਗ ਸਮਝੇ ਜਾਂਦੇ ਹਨ। ਬਦਨਾਮੀ ਤਾਂ ਫਿਰ ਹੋਵੇਗੀ ਹੀ। ਦੂਸਰਾ ਮਾਮਲਾ ਇਸ ਰਾਜ ਵਿੱਚ ਨਸ਼ੇ ਦੇ ਧੰਦੇ ਦਾ ਹੈ, ਜਿਸ ਨੂੰ ਠੱਲ੍ਹ ਨਹੀਂ ਪਾ ਜਾ ਰਹੀ, ਕਿਉਂਕਿ ਇਸ ਦੇ ਕਾਰੋਬਾਰੀਆਂ ਦੀ ਪਹੁੰਚ ਦਾ ਘੇਰਾ ਮੌਜੂਦਾ ਸਰਕਾਰ ਤੱਕ ਫੈਲਿਆ ਪਿਆ ਹੈ। ਪੁਲਸ ਦਾ ਪਾਟਕ ਵੀ ਕੋਈ ਕੰਮ ਸਿਰੇ ਨਹੀਂ ਲੱਗਣ ਦੇਂਦਾ। ਕੁਝ ਪੁਲਸ ਵਾਲੇ ਇਸ ਧੰਦੇ ਨਾਲ ਸਿੱਧੀ ਸਾਂਝ ਦੇ ਕਾਰਨ ਬਦਨਾਮ ਹਨ ਤੇ ਕੁਝ ਹੋਰ ਇਸ ਕਰ ਕੇ ਕੰਮ ਨਹੀਂ ਕਰਦੇ ਕਿ ਸਰਕਾਰ ਦੇ ਮੁਖੀ ਤੱਕ ਪਹੁੰਚ ਨਹੀਂ ਤੇ ਮੁੱਖ ਮੰਤਰੀ ਦੇ ਨਾਂਅ ਉੱਤੇ ਹਦਾਇਤਾਂ ਦੇਣ ਵਾਲੇ ਕਈ ਹੋਰ ਹਨ। ਟਰਾਂਸਪੋਰਟ ਦੇ ਧੰਦੇ ਵਿੱਚ ਜਿਹੜੇ ਟੱਬਰ ਦੀ ਸਰਦਾਰੀ ਅਕਾਲੀ-ਭਾਜਪਾ ਰਾਜ ਵਿੱਚ ਸੀ, ਕਾਂਗਰਸੀ ਰਾਜ ਦੇ ਤਿੰਨ ਸਾਲ ਲੰਘਣ ਪਿੱਛੋਂ ਵੀ ਉਨ੍ਹਾਂ ਦਾ ਉਹੋ ਦਾਬਾ ਹੈ ਅਤੇ ਦਾਬਾ ਤੋੜਨ ਵਿੱਚ ਨਾਕਾਮੀ ਬਾਰੇ ਇਹ ਕਿਹਾ ਜਾਂਦਾ ਹੈ ਕਿ ਕੋਰਟ ਵਿੱਚ ਕੇਸ ਚੱਲਦੇ ਹਨ। ਇਸ ਨੂੰ ਇੱਕ ਬਹਾਨੇ ਵਜੋਂ ਵਰਤਿਆ ਜਾਂਦਾ ਹੈ, ਜਦ ਕਿ ਸੱਚਾਈ ਇਹ ਹੈ ਕਿ ਸਿਰਫ ਦੋ ਕੇਸਾਂ ਵਿੱਚ ਕੋਰਟ ਦਾ ਸਟੇਅ ਉਨ੍ਹਾਂ ਦੇ ਕੋਲ ਹੈ, ਬਾਕੀ ਮਾਮਲਿਆ ਵਿੱਚ ਕੋਈ ਸਟੇਅ ਨਾ ਹੋਣ ਦੇ ਬਾਵਜੂਦ ਉਨ੍ਹਾਂ ਅੱਗੇ ਅੜਿੱਕਾ ਕੋਈ ਨਹੀਂ ਬਣਦਾ। ਬਿਜਲੀ ਦੇ ਰੇਟਾਂ ਦਾ ਮਾਮਲਾ ਇਸ ਵਕਤ ਹਰ ਥਾਂ ਚਰਚਾ ਵਿੱਚ ਹੈ ਤੇ ਸਰਕਾਰ ਕਹਿੰਦੀ ਹੈ ਕਿ ਅਕਾਲੀ ਆਗੂ ਬਿਜਲੀ ਕੰਪਨੀਆਂ ਦੇ ਨਾਲ ਇਹੋ ਜਿਹੇ ਸੌਦੇ ਮਾਰ ਗਏ ਹਨ ਕਿ ਬਿਜਲੀ ਸਸਤੀ ਦਿੱਤੀ ਨਹੀਂ ਜਾ ਸਕਦੀ। ਸੱਚਾਈ ਇਹ ਹੈ ਕਿ ਕੰਪਨੀਆਂ ਨਾਲ ਅਕਾਲੀ ਆਗੂ ਸੌਦੇ ਮਾਰ ਗਏ ਸਨ ਤਾਂ ਇਹ ਸੌਦੇ ਤੋੜਨ ਦੀ ਲੋੜ ਸੀ, ਸਰਕਾਰ ਦੇ ਕਾਨੂੰਨ ਵਿਭਾਗ ਨੇ ਇਸ ਕੰਮ ਲਈ ਕੋਈ ਖੇਚਲ ਹੀ ਨਹੀਂ ਕੀਤੀ ਅਤੇ ਇਸ ਮਾਮਲੇ ਵਿੱਚ ਦੋ ਥਾਂਵਾਂ ਤੋਂ ਹਾਰ ਚੁੱਕੀਆਂ ਕੰਪਨੀਆਂ ਸੁਪਰੀਮ ਕੋਰਟ ਵਿੱਚ ਜਿੱਤ ਗਈਆਂ। ਪਹਿਲਾਂ ਕਾਂਗਰਸ ਦੇ ਵਿਧਾਇਕ ਇਸ ਬਾਰੇ ਚੁੱਪ ਕੀਤੇ ਰਹੇ ਸਨ, ਦੋ ਮਹੀਨੇ ਪਹਿਲਾਂ ਜਦੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਇਹ ਮੁੱਦਾ ਚੁੱਕਿਆ ਤਾਂ ਵਿਧਾਇਕਾਂ ਦੀ ਚੁੱਪ ਟੁੱਟੀ ਅਤੇ ਦਿੱਲੀ ਚੋਣਾਂ ਪਿੱਛੋਂ ਹਰ ਕੋਈ ਭੜਕਿਆ ਪਿਆ ਹੈ।

ਸੌ ਮੁੱਦਿਆਂ ਦਾ ਮੁੱਦਾ ਬਰਗਾੜੀ ਵਾਲਾ ਬੇਅਦਬੀ ਕਾਂਡ ਹੈ, ਜਿਹੜਾ ਪਿਛਲੀ ਸਰਕਾਰ ਦੇ ਖਿਲਾਫ ਜਨਤਕ ਵਿਰੋਧ ਦਾ ਕਾਰਨ ਬਣਿਆ ਤੇ ਅਮਰਿੰਦਰ ਸਿੰਘ ਦੀ ਸਰਕਾਰ ਇਸ ਵਾਅਦੇ ਨਾਲ ਬਣੀ ਸੀ ਕਿ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣਾ ਉਸ ਦਾ ਮੁੱਖ ਏਜੰਡਾ ਹੋਵੇਗਾ। ਪਿਛਲੀ ਸਰਕਾਰ ਨੇ ਉਸ ਦੀ ਜਾਂਚ ਨਹੀਂ ਸੀ ਕਰਵਾਈ, ਜਾਂਚ ਦਾ ਨਾਟਕ ਕੀਤਾ ਤੇ ਇੱਕ ਜ਼ੋਰਾ ਸਿੰਘ ਜਾਂਚ ਕਮਿਸ਼ਨ ਬਣਾ ਕੇ ਉਸ ਦੀ ਆਈ ਰਿਪੋਰਟ ਪੜ੍ਹਨੀ ਦੀ ਲੋੜ ਵੀ ਨਹੀਂ ਸੀ ਸਮਝੀ। ਕਾਂਗਰਸ ਸਰਕਾਰ ਨੇ ਆਪਣਾ ਰਣਜੀਤ ਸਿੰਘ ਕਮਿਸ਼ਨ ਬਣਵਾ ਕੇ ਜਾਂਚ ਕਰਵਾਈ, ਵਿਧਾਨ ਸਭਾ ਵਿੱਚ ਇਸ ਉੱਤੇ ਅਗਲੀ ਕਾਰਵਾਈ ਦਾ ਮਤਾ ਪਾਸ ਕੀਤਾ ਅਤੇ ਵਿਸ਼ੇਸ਼ ਜਾਂਚ ਟੀਮ ਦੇ ਹੱਥ ਸਾਰਾ ਕੰਮ ਸੌਂਪ ਦਿੱਤਾ, ਪਰ ਦੋਸ਼ੀ ਅਜੇ ਤੱਕ ਫੜੇ ਨਾ ਜਾਣ ਦਾ ਲੋਕਾਂ ਵਿੱਚ ਏਨਾ ਗੁੱਸਾ ਹੈ ਕਿ ਉਹ ਕਾਂਗਰਸੀ ਵਿਧਾਇਕਾਂ ਨੂੰ ਘੇਰ ਕੇ ਸਵਾਲ ਪੁੱਛਦੇ ਹਨ। ਚਰਚਾ ਇਹ ਹੈ ਕਿ ਇਕੱਲਾ ਕੁੰਵਰ ਵਿਜੇ ਪ੍ਰਤਾਪ ਸਿੰਘ ਕੰਮ ਕਰ ਰਿਹਾ ਹੈ ਤੇ ਸਰਕਾਰ ਵਿਚਲੇ ਕੁਝ ਲੋਕ ਇਸ ਕੰਮ ਵਿੱਚ ਅੜਿੱਕੇ ਪਾ ਰਹੇ ਹਨ। ਕਾਂਗਰਸੀ ਵਿਧਾਇਕਾਂ ਨੂੰ ਪਿਛਲੇ ਸਾਲ ਦੀ ਕੌੜ ਹੈ ਕਿ ਸੀ ਬੀ ਆਈ ਨੇ ਜਦੋਂ ਇਸ ਕੇਸ ਵਿੱਚ ਕਲੋਜ਼ਰ ਰਿਪੋਰਟ ਦੇ ਦਿਤੀ ਸੀ ਤਾਂ ਪੰਜਾਬ ਦੇ ਸਰਕਾਰੀ ਵਕੀਲਾਂ ਨੇ ਚੱਜ ਨਾਲ ਇਸ ਕੇਸ ਦੀ ਪੈਰਵੀ ਨਹੀਂ ਸੀ ਕੀਤੀ। ਇਸ ਦਾ ਕਾਰਨ ਕੀ ਸੀ, ਪੰਜਾਬ ਦੇ ਲੋਕ ਨਹੀਂ ਜਾਣਦੇ, ਪਰ ਚੰਡੀਗੜ੍ਹ ਦੇ ਕਈ ਲੋਕ ਕਹਿੰਦੇ ਹਨ ਕਿ ਵੱਡਾ ਸਰਕਾਰੀ ਵਕੀਲ ਕਹਿੰਦਾ ਹੈ ਕਿ ਬਗੈਰ ਕੁਝ ਕੀਤੇ ਵੀ ਮੇਰੀ ਕੁਰਸੀ ਨੂੰ ਅਗਲੇ ਦੋ ਸਾਲ ਕੋਈ ਖਤਰਾ ਨਹੀਂ। ਵਿਧਾਇਕ ਇਸ ਤੋਂ ਵੀ ਪਰੇਸ਼ਾਨ ਹਨ।

ਫਿਰ ਆਈਏ ਦਿੱਲੀ ਦੀਆਂ ਉਨ੍ਹਾਂ ਚੋਣਾਂ ਵੱਲ, ਜਿਨ੍ਹਾਂ ਦੀ ਹਲਚਲ ਪੰਜਾਬ ਤੱਕ ਆਣ ਪਹੁੰਚੀ ਹੈ। ਮੁੱਖ ਮੰਤਰੀ ਦੇ ਸਲਾਹਕਾਰ ਇਹ ਸੋਚੀ ਬੈਠੇ ਹਨ ਕਿ ਅਕਾਲੀ ਦਲ ਇਸ ਵਕਤ ਵਿਰੋਧੀ ਧਿਰ ਵਾਲਾ ਖੁੱਸਿਆ ਦਰਜਾ ਫਿਰ ਤੋਂ ਸੰਭਾਲਣ ਦੀ ਥਾਂ ਆਪਣੇ ਪਾਟਕ ਦੇ ਕਾਰਨ ਅਣਹੋਇਆ ਹੋ ਗਿਆ ਹੈ ਅਤੇ ਆਮ ਆਦਮੀ ਪਾਰਟੀ ਬਹੁਤਾ ਵਿਰੋਧ ਕਰਨ ਜੋਗੀ ਨਾ ਹੋਣ ਕਾਰਨ ਕੋਈ ਖਤਰਾ ਨਹੀਂ ਹੈ। ਇਹੋ ਸਮਝ ਉਨ੍ਹਾਂ ਦੇ ਜੜ੍ਹੀਂ ਬੈਠ ਸਕਦੀ ਹੈ। ਮੰਤਰੀਆਂ ਵਿੱਚੋਂ ਕਿਸੇ ਨੂੰ ਆਪਣਾ ਪੁੱਤ ਐਡਜਸਟ ਕਰਨ ਦੀ ਚਿੰਤਾ ਹੈ, ਕਿਸੇ ਨੂੰ ਨੋਟਾਂ ਦੇ ਭੜੋਲੇ ਭਰਨ ਦੀ ਅਤੇ ਜਿਹੜੇ ਦੋ-ਚਾਰ ਅਣਸੁਖਾਵਾਂ ਮਾਹੌਲ ਹੋਣ ਦੇ ਬਾਵਜੂਦ ਕੰਮ ਕਰਨਾ ਚਾਹੁੰਦੇ ਹਨ, ਉਨ੍ਹਾਂ ਨੇ ਵੇਲੇ-ਕੁਵੇਲੇ ਕੋਈ ਸਲਾਹ ਲੈਣੀ ਹੋਵੇ ਤਾਂ ਮੁੱਖ ਮੰਤਰੀ ਤੱਕ ਜਾਣ ਦਾ ਕੋਈ ਯਕੀਨ ਨਹੀਂ ਹੁੰਦਾ। ਪਹਿਲਾਂ ਇਹ ਮੰਤਰੀ ਵੀ ਅਤੇ ਵਿਧਾਇਕ ਵੀ ਆਪਣੇ ਮੁੱਖ ਮੰਤਰੀ ਦੀ ਨਾਰਾਜ਼ਗੀ ਤੋਂ ਡਰ ਕੇ ਕੋਈ ਕਿੰਤੂ ਨਹੀਂ ਸਨ ਕਰਦੇ ਤੇ ਦਿੱਲੀ ਵਿੱਚ ਭਾਰਤ ਦਾ ਰਾਜ ਸੰਭਾਲ ਰਹੀ ਪਾਰਟੀ ਨੂੰ ਲਗਾਤਾਰ ਦੂਸਰੀ ਵਾਰੀ ਸ਼ਰਮ ਨਾਲ ਪਾਣੀ-ਪਾਣੀ ਕਰ ਕੇ ਲੋਕਾਂ ਨੇ ਜਿਹੜਾ ਰੰਗ ਵਿਖਾਇਆ ਹੈ, ਉਸ ਨੇ ਕਾਂਗਰਸ ਦੇ ਮੰਤਰੀ ਤੇ ਵਿਧਾਇਕ ਵੀ ਦਲੇਰ ਕਰ ਦਿਤੇ ਹਨ ਅਤੇ ਉਹ ਇਹ ਸੋਚਣ ਲੱਗੇ ਹਨ ਕਿ ਬਾਕੀ ਦੇ ਦੋ ਸਾਲ ਵੀ ਲੰਘ ਨਾ ਜਾਂਦੇ ਹੋਣ। ਪਿਛਲੀ ਸਰਕਾਰ ਵੇਲੇ ਮੁੱਖ ਮੰਤਰੀ ਨੇ ਆਪਣੀ ਕਮਾਨ ਆਪਣੇ ਪੁੱਤਰ ਦੇ ਹੱਥ ਫੜਾਈ ਅਤੇ ਆਪ ਸਿਰਫ ਗੱਲਾਂ ਦਾ ਗੁਤਾਵਾ ਕਰਨ ਲੱਗਾ ਰਿਹਾ ਸੀ, ਜਿਸ ਦਾ ਨੁਕਸਾਨ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਹੋਇਆ ਸੀ ਤੇ ਫਿਰ ਬਾਦਲ ਪਰਵਾਰ ਨੂੰ ਹੋਇਆ ਸੀ। ਇਸ ਵਕਤ ਦੀ ਸਰਕਾਰ ਨੇ ਵੀ ਪਹਿਲੇ ਤਿੰਨ ਸਾਲ ਓਸੇ ਵਾਂਗ ਗੱਲਾਂ ਦਾ ਗੁਤਾਵਾ ਕਰਨ ਵਿੱਚ ਗੁਜ਼ਾਰ ਦਿੱਤੇ ਹਨ, ਜੇ ਅਗੋਂ ਵੀ ਸੰਭਲ ਨਾ ਸਕੇ ਤਾਂ ਮੁੱਠ ਵਿਚਲੇ ਤਿਲ ਕਿਰਦੇ ਜਾਂਦੇ ਹਨ, ਦਿੱਲੀ ਵਾਂਗ ਅਗਲੀ ਚੋਣ ਚੁਣੌਤੀਆਂ ਦੀ ਸਿਖਰ ਵੀ ਬਣ ਸਕਦੀ ਹੈ।

## ਗੁਰਦੁਆਰਾ ਬਾਉਲੀ ਸਾਹਿਬ ਸਿਆਲਕੋਟ



ਗੁਰਦੁਆਰਾ ਬੇਰ ਜੀ ਸਾਹਿਬ ਦੇ ਕੋਲ ਹੀ ਕੋਈ 200 ਮੀਟਰ ਦੀ ਵਿੱਥ ਉੱਤੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ । ਇਹ ਗੁਰਦੁਆਰਾ ਉਸ ਥਾਂ ਉੱਤੇ ਬਣਾਇਆ ਗਿਆ ਹੈ ਜਿੱਥੇ ਮੂਲੇ ਕਰਾੜ ਦਾ ਘਰ ਸੀ । ਉਹ ਗੁਰੂ ਸਾਹਿਬ ਨੂੰ ਮਿਲਣ ਤੋਂ ਡਰਦਾ ਮਾਰਾ ਆਪਣੀ ਪਤਨੀ ਦੇ ਕਹੇ ਕਹਾਏ ਅੰਦਰ ਜਾ ਵੜਿਆ, ਜਿੱਥੇ ਉਹ ਸਪ ਲੜ ਜਾਣ ਕਾਰਨ ਮਰ ਗਿਆ । ਇੱਥੇ ਹੀ ਸਤਿਗੁਰੇ ਇਹ ਸ਼ਬਦ ਉਚਾਰਿਆ :

ਨਾਲ ਕਿਰਾੜਾ ਦੋਸਤੀ ਕੂੜੇ ਕੂੜੀ ਪਾਇ ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥

ਇੱਥੇ ਹਰ ਸਾਲ ਬਸੰਤ ਪੰਚਮੀ ਨੂੰ ਮੇਲਾ ਲਗਦਾ ਹੁੰਦਾ ਸੀ । ਇਸ ਗੁਰਦੁ-ਆਰੇ ਦੀ ਸੇਵਾ ਭਾਈ ਨੱਥਾ ਸਿੰਘ ਜੀ ਨੇ ਬੜੇ ਪ੍ਰੇਮ ਨਾਲ ਕੀਤੀ ਹੈ। । ਗੁਰਦੁਆਰਾ ਸੁੰਦਰ ਬਣਿਆ ਹੋਇਆ ਹੈ । ਹੁਣ ਇਸ ਵਿੱਚ ਅੰਨਿਆਂ ਦਾ ਸਕੂਲ ਹੈ । ਇਸ ਦੇ ਆਸੇ ਪਾਸੇ ਲੋਕਾਂ ਨੇ ਜ਼ਮੀਨ ਤੇ ਕਬਜ਼ਾ ਕਰ ਲਿਆ ਹੈ ਤੇ ਮਕਾਨ ਬਣਾ ਲਏ ਹਨ । ਜਿਹਦੇ ਕਾਰਨ ਗੁਰਦੁਆਰਾ ਸਾਹਿਬ ਲੁਕ ਗਏ ਹਨ । ਇਸ ਦੇ ਨਾਲ ਹੀ ਭਾਈ ਨੱਥਾ ਸਿੰਘ ਜੀ ਹੋਰਾਂ ਦਾ ਬਣਾਇਆ ਸਰੋਵਰ ਹੈ ਜੋ ਅੱਜ ਵੀ ਮੌਜੂਦ ਹੈ ਅਤੇ ਹੌਲੀ ਹੌਲੀ ਅਲੋਪ ਹੋਣ ਵੱਲ ਵਧ ਰਿਹਾ ਹੈ ।

## ਜਦੋਂ ਜਾਗੋ, ਉਦੋਂ ਹੀ ਸਵੇਰਾ

-ਸਤਿੰਦਰ ਸਿੰਘ ਰੰਧਾਵਾ, ਡਾ.

ਸਾਲ 2007 ਦੀ ਗੱਲ ਹੈ। ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਐਮ ਫਿਲ ਕਰਨ ਲਈ ਦਾਖ਼ਲ ਹੋਇਆ। ਯੂਨੀਵਰਸਿਟੀ ਦੀ ਚਮਕ-ਦਮਕ ਅਤੇ ਜਮਾਤੀਆਂ ਦੀ ਸੰਗਤ ਕਰਕੇ ਮਨੋ ਸਿਰਜੇ ਮਦਮਸਤ ਆਕਾਸ਼ ਵਿੱਚ ਉਡਾਰੀਆਂ ਭਰਨ ਲੱਗਾ। ਭੁੱਲ ਗਿਆ ਕਿ ਮੈਂ ਮਿਹਨਤਕਸ਼ ਬਾਪ ਦੀ ਔਲਾਦ ਹਾਂ, ਜਿਸ ਦੇ ਮੋਢਿਆਂ ਉਤੇ ਪਰਵਾਰਕ ਜ਼ਿੰਮੇਵਾਰੀਆਂ ਹਨ। ਪਹਿਲਾਂ ਮੈਂ ਰੋਜ਼ ਸੁਵਖਤੇ ਉਠਦਾ, ਗਾਵਾਂ ਨੂੰ ਪੱਠੇ ਪਾਉਂਦਾ, ਧਾਰਾਂ ਕੱਢਦਾ ਤੇ ਸਾਈਕਲ ਉੱਤੇ ਨੇੜਲੀ ਕਾਲੋਨੀ ਵਿੱਚ ਦੁੱਧ ਪਾਉਣ ਜਾਂਦਾ, ਪਰ ਅੱਜ ਕੱਲ੍ਹ ਸੁਵੱਖਤੇ ਉਠ ਕੇ ਹੋਰ ਕੰਮ ਕਰਨਾ ਮੈਨੂੰ ਕੈਦ ਜਾਪਦਾ। ਮੈਂ ਪਿਤਾ ਦੇ ਵਾਰ-ਵਾਰ ਆਖਣ ਦਾ ਬਾਵਜੂਦ ਇਸ ਕੰਮ ਤੋਂ ਕਿਨਾਰਾ ਕਰਨ ਲੱਗਾ। ਨਿੱਤ ਕਲੇਸ਼ ਕਰਦਾ ਕਿ ਮੇਰੇ ਤੋਂ ਇਹ ਯੱਭ ਨਹੀਂ ਹੁੰਦਾ। ਹੋਰ ਕੰਮ ਤਾਂ ਪਿਤਾ ਜੀ ਭਾਵੇਂ ਆਪ ਕਰਨ ਲੱਗ ਪਏ, ਪਰ ਘਰ-ਘਰ ਜਾ ਕੇ ਦੁੱਧ ਪਾਉਣ ਦਾ ਸਿਆਪਾ ਅਜੇ ਮੇਰੇ ਗਲ ਹੀ ਸੀ। ਇਸ ਤੋਂ ਛੁਟਕਾਰਾ ਪਾਉਣ ਲਈ ਸੋਚ ਰਿਹਾ ਸਾਂ।

ਫੇਰ ਮੈਨੂੰ ਪਤਾ ਕਿ ਇੱਕ ਪ੍ਰਾਈਵੇਟ ਸੁਸਾਈਟੀ ਦੁੱਧ ਖਰੀਦਦੀ ਹੈ। ਘਰ-ਘਰ ਜਾ ਕੇ ਦੁੱਧ ਪਾਉਣ ਦੇ ਝੰਜਟ ਤੋਂ ਨਿਜਾਤ ਪਾਉਣ ਲਈ ਅਤੇ ਆਪਣੇ ਰੁਜ਼ਗਾਰ ਨੂੰ ਸਿਆਪਾ ਸਮਝਣ ਕਾਰਨ ਝੱਟ ਉਸ ਸੁਸਾਈਟੀ ਨਾਲ ਸੰਪਰਕ ਕੀਤਾ। ਮੈਂ ਘਰਾਂ ਵਿੱਚ ਪੰਦਰਾਂ ਰੁਪਏ ਲਿਟਰ ਦੇ ਹਿਸਾਬ ਦੁੱਧ ਵੇਚਦਾ ਸੀ, ਪਰ ਇਸ ਸੁਸਾਈਟੀ ਦੇ ਨੁਮਾਇੰਦੇ ਨੇ ਦੱਸਿਆ ਕਿ ਉਹ ਇਕੱਠਾ ਕੀਤਾ ਦੁੱਧ ਤੇਰਾਂ ਰੁਪਏ ਦੇ ਹਿਸਾਬ ਨਾਲ ਖ਼ਰੀਦਣਗੇ ਤੇ ਪੰਦਰਾਂ ਦਿਨਾਂ ਬਾਅਦ ਪੈਸੇ ਦੇਵਾਂਗੇ। ਮੈਂ ਚਾਈਂ-ਚਾਈਂ ਹਾਂ ਕਰ ਦਿੱਤੀ। ਮੈਨੂੰ ਇਹ ਫ਼ੈਸਲਾ ਲੈਂਦਿਆਂ ਪਿਤਾ ਜੀ ਨੇ ਵੀ ਨਹੀਂ ਰੋਕਿਆ। ਉਨ੍ਹਾਂ ਨੂੰ ਮੇਰਾ ਫ਼ੈਸਲਾ ਗ਼ਲਤ ਲੱਗਾ, ਪਰ ਉਹ ਆਖਦੇ ਵੀ ਕੀ? ਆਖ਼ਰ ਸੁਸਾਈਟੀ ਨੇ ਦੁੱਧ ਖਰੀਦਣਾ ਸ਼ੁਰੂ ਕੀਤਾ ਅਤੇ ਮੇਰਾ ਜਿਵੇਂ ਅੰਤਾਂ ਦਾ ਭਾਰ ਲਹਿ ਗਿਆ।

ਪੰਦਰਾਂ ਦਿਨਾਂ ਬਾਅਦ ਹਿਸਾਬ ਕੀਤਾ ਤਾਂ ਸਾਰੇ ਦੁੱਧ ਦੀ ਔਸਤ ਗਿਆਰਾਂ ਰੁਪਏ ਲਿਟਰ ਆਈ। ਸੁਸਾਈਟੀ ਦੇ ਕਰਿੰਦੇ ਨੇ ਆਖਿਆ ਕਿ ਸਰਦੀ ਵੱਧ ਹੋਣ ਕਰਕੇ ਦੁੱਧ ਦਾ ਰੇਟ ਘਟਾਇਆ ਗਿਆ ਹੈ, ਗਰਮੀ ਆਉਂਦੇ ਹੀ ਦੁੱਧ ਚਾਰ ਰੁਪਏ ਮਹਿੰਗਾ ਹੋ ਜਾਵੇਗਾ। ਉਸ ਨੇ ਮੈਨੂੰ ਸੁਸਾਈਟੀ ਦੀ ਬਣੀ ਫੀਡ ਦੇ ਇੱਕ ਬਰਾਂਡ ਬਾਰੇ ਸਿਫ਼ਾਰਸ਼ ਕੀਤੀ, ਜਿਸ ਨੂੰ ਖਾ ਕੇ ਪਸ਼ੂਆਂ ਦੇ ਦੁੱਧ ਦੀ ਫੈਟ ਵਧ ਜਾਂਦੀ ਤੇ ਦੁੱਧ ਦਾ ਸਹੀ ਮੁੱਲ ਮਿਲਦਾ ਹੈ। ਉਸ ਨੇ ਦੱਸਿਆ ਕਿ ਇਸ ਲਈ ਤੁਹਾਨੂੰ ਕੋਈ ਪੈਸਾ ਨਕਦ ਨਹੀਂ ਦੇਣਾ ਪਵੇਗਾ, ਬਲਕਿ ਦੁੱਧ ਦੇ ਪੈਸਿਆਂ ਵਿੱਚੋਂ ਹੀ ਭੁਗਤਾਨ ਹੋ ਜਾਇਆ ਕਰੇਗਾ। ਮੈਂ ਝਟਪਟ ਹਾਂ ਆਖ ਦਿੱਤੀ। ਉਸੇ ਸ਼ਾਮ ਫੀਡ ਦੀਆਂ ਬੋਰੀਆਂ ਘਰ ਆ ਗਈਆਂ। ਮੈਂ ਪਸ਼ੂਆਂ ਨੂੰ ਚੰਗੀ ਖ਼ੁਰਾਕ ਖਵਾਉਣ ਲਈ ਹਰ ਵਾਹ ਲਾ ਦਿੱਤੀ ਪਰ ਦੁੱਧ ਦਾ ਰੇਟ ਉਥੇ ਹੀ ਰਿਹਾ। ਅਖੇ 'ਬੇਗਾਨੇ ਹੱਥ ਖੇਤੀ, ਨਾ ਬੱਤੀਓਂ ਹੋਣ ਤੇਤੀ।' ਇਸ ਨਾਲ ਮੇਰੇ ਖਰਚੇ ਵਧ ਗਏ ਸਨ। ਛੇ ਮਹੀਨੇ ਹੋ ਚੁੱਕੇ ਸਨ। ਗਰਮੀਆਂ ਆ ਗਈਆਂ। ਸੁਸਾਈਟੀ ਵਾਲੇ ਆਖਦੇ ਸਨ ਕਿ ਤੁਸੀਂ ਸੌ ਲਿਟਰ ਦੁੱਧ ਦੀ ਪੈਦਾਵਾਰ ਕਰ ਦੇਵੋ ਤਾਂ ਵਧੀਆ ਰੇਟ ਮਿਲੇਗਾ। ਫੇਰ ਉਨ੍ਹਾਂ ਦੁੱਧ ਦੀ ਪੈਦਾਵਾਰ ਘਟਣ ਕਾਰਨ ਫੀਡ ਵੀ ਬੰਦ ਕਰ ਦਿੱਤੀ। ਬਾਜ਼ਾਰ ਤੋਂ ਲਿਆਂਦੀ ਫੀਡ ਵਾਲਾ ਪੈਸਿਆਂ ਲਈ ਵਾਰ-ਵਾਰ ਫੋਨ ਕਰਦਾ।

ਇਹ ਸਭ ਕੀ ਹੋ ਰਿਹਾ ਸੀ? ਪਹਿਲਾਂ ਜਦੋਂ ਮੈਂ ਘਰਾਂ ਵਿੱਚ ਦੁੱਧ ਪਾਉਂਦਾ ਸੀ ਤਾਂ ਫੀਡ ਦਾ ਖਰਚਾ ਕੱਢ ਕੇ ਕਾਫ਼ੀ ਪੈਸਾ ਬਚ ਜਾਂਦਾ ਸੀ, ਪਰ ਆਪ ਸਹੇੜੀ ਮੁਸ਼ਕਿਲ ਕਰਕੇ ਮੇਰੀ ਆਮਦਨ ਘਟਣ ਲੱਗੀ ਸੀ। ਚਿੰਤਾਵਾਂ ਦੇ ਬੱਦਲ ਪ੍ਰੇਸ਼ਾਨ ਕਰਨ ਲੱਗੇ। ਮੈਨੂੰ ਯੂਨੀਵਰਸਿਟੀ ਦੀ ਚਮਕ ਚੁਭਣ ਲੱਗ ਪਈ।


ਇੱਕ ਦਿਨ ਮੈਂ ਇਨ੍ਹਾਂ ਖ਼ਿਆਲਾਂ ਵਿੱਚ ਗੁਆਚਾ ਹੋਇਆ ਸਾਂ। ਪਿਤਾ ਜੀ ਪਸ਼ੂਆਂ ਨੂੰ ਪੱਠੇ ਪਾ ਰਹੇ ਸਨ। ਮੇਰੇ ਅੰਦਰੋਂ ਆਵਾਜ਼ ਆਈ ਕਿ ਕੁਝ ਕਰਨ ਦਾ ਵੇਲਾ ਹੈ। ਮੈਂ ਫ਼ੌਰੀ ਕਾਪੀ ਉਤੇ ਹਿਸਾਬ ਕੀਤਾ। ਸੌ ਲਿਟਰ ਦੁੱਧ ਗਿਆਰਾਂ ਸੌ ਦਾ, ਪਰ ਜੇ ਘਰਾਂ ਵਿੱਚ ਦੁਬਾਰਾ ਦੁੱਧ ਪਾਵਾਂ ਤਾਂ ਅਠਾਰਾਂ ਸੌ ਰੁਪਏ ਦਾ। ਇਸ ਲਈ ਮੈਨੂੰ ਪੁਰਾਣੇ ਗਾਹਕਾਂ ਨਾਲ ਦੁਬਾਰਾ ਸੰਪਰਕ ਕਰਨਾ ਪਵੇਗਾ। ਉਨ੍ਹਾਂ ਨੇ ਮੇਰੇ ਕੋਲ ਕਈ ਵਾਰ ਪਹੁੰਚ ਕੀਤੀ ਸੀ ਕਿ ਸਾਨੂੰ ਚੰਗਾ ਦੁੱਧ ਨਹੀਂ ਮਿਲਦਾ। ਮੈਨੂੰ ਇੱਕ ਮੋਟਰ ਸਾਈਕਲ ਚਾਹੀਦਾ ਸੀ। ਮੈਂ ਆਪਣਾ ਸਾਈਕਲ ਚੁੱਕਿਆ ਤੇ ਨੇੜੇ ਇੱਕ ਮੋਟਰ ਸਾਈਕਲ ਬਾਰਾਂ ਹਜ਼ਾਰ ਰੁਪਏ ਵਿੱਚ ਮਿਲ ਗਿਆ, ਦੋਧੀਆਂ ਵਾਂਗ ਦੁੱਧ ਰੱਖਣ ਲਈ ਪਿੰਜਰਾ ਲਗਵਾਉਣ ਉਤੇ ਖਰਚਾ ਤਿੰਨ ਹਜ਼ਾਰ ਰੁਪਏ ਆਇਆ। ਪੰਦਰਾਂ ਹਜ਼ਾਰ ਰੁਪਏ ਖਰਚ ਕੇ ਆਪਣਾ ਕੰਮ ਸ਼ੁਰੂ ਕੀਤਾ। ਪਹਿਲੇ ਮਹੀਨੇ ਮੈਨੂੰ ਪੰਦਰਾਂ ਹਜ਼ਾਰ ਰੁਪਏ ਬੱਚਤ ਹੋਈ। ਮੋਟਰ ਸਾਈਕਲ ਦਾ ਖਰਚਾ ਪਹਿਲੇ ਮਹੀਨੇ ਹੀ ਨਿਕਲ ਗਿਆ। ਮੇਰਾ ਹੌਸਲਾ ਵਧ ਗਿਆ। ਪੂਰੇ ਤਨਦੇਹੀ ਨਾਲ ਕਿਰਤ ਕੀਤੀ। ਕੁਝ ਮਹੀਨਿਆਂ ਵਿੱਚ ਫੀਡ ਵਾਲੇ ਦੇ ਪੈਸੇ ਚੁੱਕਾ ਦਿੱਤੇ। ਮੈਂ ਸਵੇਰੇ-ਸ਼ਾਮ ਖੁਸ਼ੀ-ਖੁਸ਼ੀ ਦੁੱਧ ਪਾਉਂਦਾ ਅਤੇ ਆਪਣੀ ਪੜ੍ਹਾਈ ਵੱਲ ਧਿਆਨ ਦਿੰਦਾ। ਮੈਨੂੰ ਕੰਮ ਵਿੱਚ ਲੱਗਾ ਦੇਖ ਪਿਤਾ ਜੀ ਮੇਰੇ ਨਾਲ ਪੂਰਾ ਹੱਥ ਵਟਾਉਣ ਲੱਗੇ। ਕੁਝ ਸਮੇਂ ਬਾਅਦ ਮੈਂ ਪੀ ਐਚ ਡੀ ਲਈ ਰਜਿਸਟਰਡ ਹੋ ਗਿਆ।

ਅੱਜ ਵੀ ਜਦੋਂ ਕਦੇ ਮੈਨੂੰ ਇਹ ਘਟਨਾ ਯਾਦ ਆਉਂਦੀ ਹੈ ਤਾਂ ਮੈਂ ਸੋਚਦਾ ਹਾਂ ਕਿ ਮੇਰੀ ਜ਼ਿੰਦਗੀ ਦੇ ਉਹ ਪਲ ਗੂੜ੍ਹੀ ਨੀਂਦ 'ਚੋਂ ਜਾਗਣ ਵਾਂਗ ਸਨ। ਸਿਆਣੇ ਕਹਿੰਦੇ ਹਨ ਕਿ ਜਦੋਂ ਜਾਗੋ, ਓਦੋਂ ਸਵੇਰਾ।

# ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ ਤੇ ਜਵਾਬੀ ਦੋਸ਼

ਬੀਤੇ ਕਾਫੀ ਸਮੇਂ ਤੋਂ ਦਿੱਲੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਵਿੱਚ ਕਰੋੜਾਂ ਰੁਪਏ ਦੇ ਘਪਲੇ ਹੋਣ ਦੇ ਦੋਸ਼-ਜਵਾਬੀ ਦੋਸ਼ ਲਾਏ ਜਾਣ ਦਾ ਸਿਲਸਿਲਾ ਚੱਲਦਾ ਆ ਰਿਹਾ ਹੈ। ਸ਼ਾਇਦ ਹੀ ਕੋਈ ਦਿਨ ਨਿਕਲਦਾ ਹੋਵੇਗਾ, ਜਿਸ ਦਿਨ ਇੱਕ ਜਾਂ ਦੂਜੀ ਧਿਰ ਵੱਲੋਂ ਵਿਰੋਧੀਆਂ ਉੱਤੇ ਲਾਏ ਦੋਸ਼ਾਂ-ਜਵਾਬੀ ਦੋਸ਼ਾਂ 'ਤੇ ਆਧਾਰਤ ਇੱਕ ਦੋ ਖਬਰਾਂ ਪੜ੍ਹਨ ਨੂੰ ਨਾ ਮਿਲਣ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਕਰੋੜਾਂ ਰੁਪਏ ਦੇ ਘਪਲਿਆਂ ਦੇ ਨਾਂਅ ਉਤੇ ਦੋਸ਼ ਜਵਾਬੀ ਦੋਸ਼ ਦਾ ਜੋ ਸਿਲਸਿਲਾ ਸ਼ੁਰੂ ਹੋਇਆ ਦਿਖਾਈ ਦੇਂਦਾ ਹੈ, ਉਹ ਕਿੱਥੇ ਜਾ ਕੇ ਰੁਕੇਗਾ, ਕਿਹਾ ਨਹੀਂ ਜਾ ਸਕਦਾ, ਪਰ ਇਸ ਨਾਲ ਲੋਕਾਂ 'ਚ ਇਹ ਸੰਦੇਸ਼ ਜਾ ਰਿਹਾ ਹੈ ਕਿ ਸਿੱਖਾਂ ਦੇ ਇਹ ਪਵਿੱਤਰ ਗੁਰਧਾਮ ਅੱਜਕੱਲ੍ਹ ਧਰਮ ਦੇ ਸਰੋਤ ਨਹੀਂ ਰਹੇ, ਭ੍ਰਿਸ਼ਟਾਚਾਰ ਦੇ ਅੱਡੇ ਹੋ ਗਏ ਹਨ। ਇਸ ਨਾਲ ਆਮ ਸਿੱਖਾਂ ਦੇ ਨਾਲ ਉਨ੍ਹਾਂ ਗੈਰ ਸਿੱਖਾਂ ਦਾ ਸਿਰ ਵੀ ਸ਼ਰਮ ਨਾਲ ਝੁਕਦਾ ਹੈ, ਜਿਨ੍ਹਾਂ ਦੀ ਸ਼ਰਧਾ ਗੁਰੂਘਰ ਪ੍ਰਤੀ ਵਿੱਚ ਹੈ ਅਤੇ ਸਮਾਨਤਾ ਦਾ ਸੰਦੇਸ਼ ਹਾਸਲ ਕਰਦੇ ਆਏ ਹਨ। ਇਹ ਗੱਲ ਦਾਅਵੇ ਨਾਲ ਨਹੀਂ ਕਹੀ ਜਾ ਸਕਦੀ ਕਿ ਇਨ੍ਹਾਂ ਦੋਸ਼ਾਂ-ਜਵਾਬੀ ਦੋਸ਼ਾਂ ਵਿੱਚ ਕਿੰਨੀ ਸੱਚਾਈ ਹੈ ਤੇ ਇਨ੍ਹਾਂ ਵਿੱਚ ਕਿੰਨੀ ਸਿਆਸੀ ਵਿਰੋਧ ਦੀ ਭਾਵਨਾ, ਪਰ ਇਹ ਤਾਂ ਮੰਨਣਾ ਹੋਵੇਗਾ ਕਿ ਦੋਸ਼ ਜਵਾਬੀ ਦੋਸ਼ ਦਾ ਜੋ ਇਹ ਸਿਲਸਿਲਾ ਲਗਾਤਾਰ ਚੱਲ ਰਿਹਾ ਹੈ, ਉਸ ਨਾਲ ਸਮੁੱਚੇ ਰੂਪ ਵਿੱਚ ਸਿੱਖਾਂ ਅਤੇ ਉਨ੍ਹਾਂ ਦੀਆਂ ਧਾਰਮਿਕ ਸੰਸਥਾਵਾਂ ਦੀ ਦਿੱਖ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਹੀ ਹੈ।

ਦਿੱਲੀ ਗੁਰਦੁਆਰਾ ਕਮੇਟੀ ਵਿੱਚ ਭ੍ਰਿਸ਼ਟਾਚਾਰ ਲੱਭਣ ਦੀ ਗੱਲ ਕੋਈ ਨਵੀਂ ਨਹੀਂ। ਇਸ ਵਿੱਚ ਭ੍ਰਿਸ਼ਟਾਚਾਰ ਹੋਣ ਅਤੇ ਉਸ ਵਿੱਚ ਕਾਬਜ਼ ਆਗੂਆਂ ਦੇ ਸ਼ਾਮਲ ਹੋਣ ਦੇ ਦੋਸ਼ ਉਸ ਸਮੇਂ ਤੋਂ ਲੱਗਦੇ ਰਹੇ ਹਨ, ਜਦੋਂ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਸਿਰਫ 11 ਮੈਂਬਰੀ ਕਮੇਟੀ 'ਤੇ ਹੀ ਹੋਇਆ ਕਰਦੀ ਸੀ, ਅੱਜਕੱਲ੍ਹ ਤਾਂ ਇਸ ਦੇ ਮੈਂਬਰਾਂ ਦੀ ਗਿਣਤੀ 56 ਤੱਕ ਪਹੁੰਚ ਗਈ ਹੈ (51 ਵੋਟ ਕਰਨ ਦੇ ਅਧਿਕਾਰੀ, ਪੰਜ ਤਖਤਾਂ ਦੇ ਜਥੇਦਾਰ, ਜਿਨ੍ਹਾਂ ਨੂੰ ਵੋਟ ਦਾ ਅਧਿਕਾਰ ਨਹੀਂ) ਅਤੇ ਇਸ ਦੇ ਨਾਲ ਇਨ੍ਹਾਂ ਗੁਰਦੁਆਰਿਆਂ ਦੀ ਜੋ ਗੋਲਕ ਹਜ਼ਾਰਾਂ ਤੋਂ ਲੱਖਾਂ ਵੱਲ ਵਧ ਰਹੀ ਸੀ, ਉਹ ਕਰੋੜਾਂ ਦੇ ਅੰਕੜਿਆਂ ਨੂੰ ਪਾਰ ਕਰ ਕੇ ਅਰਬਾਂ ਤੱਕ ਪਹੁੰਚ ਗਈ ਹੈ। ਉਂਜ ਦਿੱਲੀ ਦੇ ਸਿੱਖ ਜਾਣਦੇ ਹਨ ਕਿ 20 ਸਾਲ ਪਹਿਲਾਂ (ਸੰਨ 2000 ਵਿੱਚ) ਇੱਕ ਅਕਾਲੀ ਦਲ ਦੇ ਰਾਸ਼ਟਰੀ ਨੇਤਾਵਾਂ ਨੇ ਆਪਣੇ ਦਲ ਦੇ ਹੀ ਮੁਖੀ ਵਿਸ਼ੇਸ਼ ਨੂੰ ਦਿੱਲੀ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਬਣਾ ਕੇ ਗੁਰਦੁਆਰਾ ਕਮੇਟੀ ਦੀ ਸੱਤਾ 'ਤੇ ਕਬਜ਼ਾ ਕਰਨ ਲਈ ਪੰਜ ਤੋਂ ਅੱਠ ਲੱਖ ਰੁਪਏ ਦਾ ਮੁੱਲ ਦੇ ਕੇ ਵਿਰੋਧੀ ਮੈਂਬਰਾਂ ਦੀਆਂ ਵਫਾਦਾਰੀਆਂ ਖਰੀਦੀਆਂ, ਤਾਂ ਦੂਸਰੇ ਪਾਸੇ ਆਪਣੇ ਹੀ ਕਈ ਮੈਂਬਰਾਂ ਨੂੰ ਵਫਾਦਾਰ ਬਣਾਈ ਰੱਖਣ ਲਈ ਉਨ੍ਹਾਂ ਨੂੰ ਪੰਜ-ਪੰਜ ਲੱਖ ਤੱਕ ਰਿਸ਼ਵਤ ਵੀ ਅਦਾ ਕੀਤੀ ਸੀ। ਇਨ੍ਹਾਂ ਜ਼ਮੀਰ ਫਰੋਸ਼ਾਂ, ਜਿਨ੍ਹਾਂ ਦੀ ਮਦਦ ਨਾਲ ਅਕਾਲੀ ਦਲ ਨੇ ਜਿੱਤ ਜਿੱਤੀ, ਨੂੰ ਅੰਮ੍ਰਿਤਸਰ ਲਿਜਾ ਕੇ ਇਸ 'ਪੰਥਕ ਸੇਵਾ' ਬਦਲੇ ਸ੍ਰੀ ਅਕਾਲ ਤਖਤ ਤੋਂ ਸਿਰੋਪਾਓ ਦੀ ਬਖਸ਼ਿਸ਼ ਕਰਵਾ ਕੇ ਸਨਮਾਨਿਤ ਵੀ ਕਰਵਾਇਆ ਸੀ।



ਜਸਵੰਤ ਸਿੰਘ 'ਅਜੀਤ'

ਇਨ੍ਹਾਂ ਹਾਲਾਤ ਨੂੰ ਦੇਖਦੇ ਹੋਏ ਸਵੀਕਾਰ ਕਰਨਾ ਹੋਵੇਗਾ ਕਿ ਗੁਰਦੁ-ਆਰਾ ਪ੍ਰਬੰਧ ਵਿੱਚ ਭ੍ਰਿਸ਼ਟਾਚਾਰ ਹੋਣ ਦੀਆਂ ਜੋ ਗੱਲਾਂ ਕੀਤੀਆਂ ਜਾਂਦੀਆਂ ਰਹੀਆਂ ਸਨ, ਉਨ੍ਹਾਂ ਤੋਂ ਨਾ ਦਿੱਲੀ ਗੁਰਦੁਆਰਾ ਕਮੇਟੀ ਅਤੇ ਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਵੱਡੀਆਂ ਧਾਰਮਿਕ ਸੰਸਥਾਵਾਂ ਮੁਕਤ ਹਨ, ਸਗੋਂ ਦੇਸ਼-ਵਿਦੇਸ਼ ਦੇ ਵੱਖ-ਵੱਖੇ ਹਿੱਸਿਆਂ ਵਿੱਚ ਛੋਟੇ-ਵੱਡੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ, ਸਿੰਘ ਸਭਾਵਾਂ ਜਾਂ ਹੋਰ ਨਾਵਾਂ ਨਾਲ ਬਣੀਆਂ ਧਾਰਮਿਕ ਸੰਸਥਾਵਾਂ ਦੇ ਆਗੂ ਵੀ ਭ੍ਰਿਸ਼ਟਾਚਾਰ ਆਦਿ ਦੇ ਦੋਸ਼ਾਂ ਤੋਂ ਮੁਕਤ ਨਹੀਂ। ਫਰਕ ਇੰਨਾ ਹੈ ਕਿ ਹਰ ਕਮੇਟੀ ਵਿੱਚ ਹੋਣ ਵਾਲਾ ਭ੍ਰਿਸ਼ਟਾਚਾਰ ਉਨ੍ਹਾਂ ਦੀ ਗੋਲਕ ਉੱਤੇ ਨਿਰਭਰ ਕਰਦਾ ਹੈ, ਜਿੱਥੇ ਜਿੰਨੀ ਛੋਟੀ ਵੱਡੀ ਗੋਲਕ, ਉਥੇ ਓਨਾ ਹੀ ਛੋਟਾ ਵੱਡਾ ਭ੍ਰਿਸ਼ਟਾਚਾਰ ਹੋ ਰਿਹਾ ਹੈ।

ਜਿਸ ਤਰ੍ਹਾਂ ਦਿੱਲੀ ਗੁਰਦੁਆਰਾ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਦੇ ਸੱਤਾਧਾਰੀਆਂ 'ਤੇ ਪਾਰਟੀ ਦੇ ਅੰਦਰ ਅਤੇ ਬਾਹਰੋਂ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲਾਏ ਜਾਂਦੇ ਰਹੇ, ਉਨ੍ਹਾਂ ਨਾਲ ਇੱਕ ਪਾਸੇ ਇਨ੍ਹਾਂ ਨਾਲ ਬਣਦੀ ਸਥਿਤੀ ਆਮ ਸਿੱਖਾਂ ਦੇ ਲਈ ਚਿੰਤਾ ਦਾ ਕਾਰਨ ਬਣਦੀ ਰਹੀ ਹੈ ਅਤੇ ਦੂਜੇ ਪਾਸੇ ਗੈਰ ਸਿੱਖਾਂ ਦੀ ਚਰਚਾ ਦਾ ਵਿਸ਼ਾ। ਇਸ ਚਿੰਤਾ ਜਨਕ ਸਥਿਤੀ ਬਾਰੇ ਸਭ ਤੋਂ ਵੱਧ ਦੁਖੀ ਆਮ ਸਿੱਖ ਹੋ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਹੀ ਸਭ ਤੋਂ ਜ਼ਿਆਦਾ ਗੈਰ ਸਿੱਖਾਂ ਦੇ ਨਾਲ ਹੀ ਆਪਣਿਆਂ ਦੇ ਵੀ ਵਿਅੰਗ-ਤੀਰਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਸਥਿਤੀ ਦੇ ਕਾਰਨ ਹੀ ਸਿੱਖਾਂ ਦਾ ਇੱਕ ਵਰਗ ਇਹ ਮੰਨਣ ਲਈ ਮਜਬੂਰ ਹੋ ਰਿਹਾ ਹੈ ਕਿ ਇਨ੍ਹਾਂ ਵਿਵਾਦਾਂ ਅਤੇ ਝਗੜਿਆਂ ਦਾ ਮੁੱਖ ਕਾਰਨ ਰਾਜਨੀਤੀ 'ਚ ਮੂੰਹ ਮਾਰਨ ਵਾਲਿਆਂ 'ਚ ਧਰਮ ਦੇ ਸਹਾਰੇ ਰਾਜਨੀਤੀ 'ਚ ਸਥਾਪਤ ਹੋਣ ਦੀ ਲਾਲਸਾ ਦਾ ਲਗਾਤਾਰ ਵਧਦੇ ਜਾਣਾ ਹੈ। ਨਕਾਰਾਤਮਕਤਾ ਅੱਜ ਦੀ ਅਕਾਲੀ ਰਾਜਨੀਤੀ ਦਾ ਅਜਿਹਾ ਅਟੁੱਟ ਦੁੱਖਾਂਤ ਬਣ ਗਿਆ ਹੈ ਕਿ ਉਸ ਤੋਂ ਨਾ ਕਿਸੇ ਵੀ ਅਕਾਲੀ ਦਲ ਦੀ ਲੀਡਰਸ਼ਿਪ ਅਤੇ ਨਾ ਕਿਸੇ ਦਲ ਦੀ ਰਾਨਜੀਤੀ ਮੁਕਤ ਹੋ ਸਕਦੀ ਹੈ। ਇਹ ਦਾਅਵਾ ਕਿਸੇ ਹੋਰ ਨੇ ਨਹੀਂ, ਸਗੋਂ ਇੱਕ ਸੀਨੀਅਰ ਤੇ ਟਕਸਾਲੀ ਅਕਾਲੀ ਨੇਤਾ ਨੇ ਨਿੱਜੀ ਗੱਲਬਾਤ ਵਿੱਚ ਕੀਤਾ। ਉਨ੍ਹਾਂ ਨੇ ਸਵੀਕਾਰ ਕੀਤਾ ਕਿ ਅੱਜ ਦੇ ਸਿਆਸੀ ਖੇਤਰ ਵਿੱਚ ਹਾਲਾਤ ਹੀ ਕੁਝ ਅਜਿਹੇ ਬਣ ਗਏ ਹਨ ਕਿ ਨਕਾਰਾਤਮਕਤਾ ਦੀ ਇਸ ਦਲਦਲ ਭਰੀ ਰਾਜਨੀਤੀ ਵਿੱਚ ਨਾ ਸਿਰਫ ਅਕਾਲੀ ਦਲ, ਸਗੋਂ ਦੇਸ਼ ਦੀਆਂ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਇੰਨੀ ਬੁਰੀ ਤਰ੍ਹਾਂ ਫਸ ਚੁੱਕੀਆਂ ਹਨ ਕਿ ਉਨ੍ਹਾਂ ਦਾ ਇਸ 'ਚੋਂ ਨਿਕਲ ਸਕਣਾ ਕਿਸੇ ਵੀ ਤਰ੍ਹਾਂ ਨਾਲ ਸੰਭਵ ਨਹੀਂ ਰਿਹਾ। ਉਨ੍ਹਾਂ ਦਾ ਕਹਿਣਾ ਸੀ ਕਿ ਫਿਰ ਵੀ ਅਕਾਲੀ ਰਾਜਨੀਤੀ 'ਚ ਇਸ ਨਕਾਰਾਤਮਕਤਾ ਦਾ ਦਾਖਲਾ ਇਸ ਲਈ ਚੁੱਭਦਾ ਹੈ ਕਿ ਇਸ ਦੀ ਸਥਾਪਨਾ ਇੱਕ ਸਿਆਸੀ ਪਾਰਟੀ ਦੇ ਰੂਪ ਵਿੱਚ ਨਹੀਂ ਕੀਤੀ ਗਈ, ਇਸ ਦੀ ਸਥਾਪਨਾ ਦਾ ਉਦੇਸ਼ ਧਾਰਮਿਕ ਸੰਸਥਾਵਾਂ ਦਾ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਉਣ ਅਤੇ ਧਾਰਮਿਕ ਸੰਸਥਾਵਾਂ 'ਚ ਧਾਰਮਿਕ ਮਾਨਤਾਵਾਂ, ਮਰਿਆਦਾਵਾਂ ਅਤੇ ਪ੍ਰੰਪਰਾਵਾਂ ਨੂੰ ਬਹਾਲ ਰੱਖਣ ਵਿੱਚ ਸਹਿਯੋਗ ਕਰਨਾ ਯਕੀਨੀ ਕੀਤਾ ਗਿਆ ਸੀ। ਅੱਜ ਜਿਸ ਰੂਪ ਵਿੱਚ ਅਕਾਲੀ ਦਲ ਸਰਗਰਮ ਦਿਖਾਈ ਦੇ ਰਹੇ ਹਨ, ਉਸ ਤੋਂ ਲੱਗਦਾ ਹੈ ਕਿ ਜਿਵੇਂ ਨਕਾਰਾਤਮਕਤਾ ਅਕਾਲੀ ਦਲ ਦੀਆਂ ਨੀਤੀਆਂ ਦੀਆਂ ਜੜ੍ਹਾਂ ਤੱਕ ਇਸ ਤਰ੍ਹਾਂ ਘੁਲ ਮਿਲ ਗਈ ਹੈ ਕਿ ਉਸ ਤੋਂ ਛੁਟਕਾਰਾ ਹਾਸਲ ਕਰ ਸਕਣਾ ਉਨ੍ਹਾਂ ਦੇ ਵੱਸ ਦਾ ਰੋਗ ਨਹੀਂ ਰਹਿ ਗਿਆ।

ਪ੍ਰਬੰਧ 'ਚ ਭ੍ਰਿਸ਼ਟਾਚਾਰ ਨਾਲ ਸੰਬੰਧਤ ਖਬਰਾਂ ਦੇ ਪਾਠਕ ਇੱਕੋ ਕਿਸਮ ਦੇ ਬਿਆਨਾਂ ਨੂੰ ਵਾਰ-ਵਾਰ ਪੜ੍ਹ ਕੇ ਅੱਕ ਚੁੱਕੇ ਹੁੰਦੇ ਹਨ, ਫਿਰ ਵੀ ਇਹ ਬਿਆਨ ਜਾਰੀ ਕਰਨ ਵਾਲੇ ਸ਼ਾਇਦ ਇਹ ਮੰਨ ਕੇ ਚੱਲਦੇ ਹਨ, ਜਿਵੇਂ ਉਨ੍ਹਾਂ ਦੇ ਬਿਆਨਾਂ ਨੂੰ ਵਾਰ-ਵਾਰ ਪੜ੍ਹਦੇ ਹੋਏ ਆਮ ਸਿੱਖਾਂ ਦੀ ਸੋਚ ਬਦਲ ਰਹੀ ਹੈ ਅਤੇ ਉਹ ਉਨ੍ਹਾਂ (ਜਿਨ੍ਹਾਂ 'ਤੇ ਦੋਸ਼ ਲਾਏ ਜਾ ਰਹੇ ਹਨ) ਤੋਂ ਕਿਨਾਰਾ ਕਰ ਕੇ ਉਨ੍ਹਾਂ (ਜੋ ਦੋਸ਼ ਲਾ ਰਹੇ ਹਨ) ਵੱਲ ਝੁਕਣ ਲਈ ਮਜਬੂਰ ਹੋ ਰਹੇ ਹਨ, ਜਦ ਕਿ ਇਹ ਸੋਚ ਸਿਰਫ ਭਰਮ, ਭਾਵ 'ਦਿਲ ਕੇ ਬਹਿਲਾਨੇ ਕੋ ਖਿਆਲ ਅੱਛਾ ਹੈ' ਵਾਲੀ ਹੁੰਦੀ ਹੈ। ਇਸ ਦੇ ਵਿਰੁੱਧ ਜ਼ਮੀਨੀ ਸੱਚਾਈ ਇਹ ਹੈ ਕਿ ਅਜਿਹੀਆਂ ਖਬਰਾਂ ਪੜ੍ਹ-ਸੁਣ ਕੇ ਨਾ ਆਮ ਸਿੱਖ ਆਪਣੀ ਸੋਚ ਬਦਲਦੇ ਹਨ ਅਤੇ ਨਾ ਉਹ ਇੱਕ ਧਿਰ ਨਾਲੋਂ ਨਾਤਾ ਤੋੜ ਕੇ ਦੂਸਰੀ ਵੱਲ ਝੁਕਣ ਲਈ ਮਜਬੂਰ ਹੁੰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਭਾਵੇਂ ਇਨ੍ਹਾਂ ਦੋਸ਼ਾਂ ਵਿੱਚ ਕਿਸੇ ਹੱਦ ਤੱਕ ਸੱਚਾਈ ਹੁੰਦੀ ਹੈ, ਤਾਂ ਵੀ ਆਮ ਸਿੱਖ ਇਹ ਮੰਨ ਕੇ ਚੱਲਦਾ ਹੈ ਕਿ ਇਨ੍ਹਾਂ ਦੋਸ਼ਾਂ ਨੂੰ ਸਿਆਸੀ ਵਿਰੋਧ ਦੀ ਭਾਵਨਾ ਦੇ ਤਹਿਤ ਵਧਾ ਚੜ੍ਹਾਅ ਕੇ ਪ੍ਰਚਾਰਿਤ ਕੀਤਾ ਜਾ ਰਿਹਾ ਹੈ। ਇਥੋਂ ਤੱਕ ਕਿ ਆਮ ਸਿੱਖਾਂ ਤਾਂ ਕੀ ਗੈਰ ਸਿੱਖ ਤੱਕ ਵੀ ਅਜਿਹੇ ਬਿਆਨਾਂ ਨੂੰ ਪੜ੍ਹ-ਸੁਣ ਕੇ, ਇਹੀ ਕਹਿੰਦੇ ਸੁਣੇ ਜਾਂਦੇ ਹਨ ਕਿ ਇਸ ਹਮਾਮ 'ਚ ਸਾਰੇ ਨੰਗੇ ਹਨ।





## ਪੁੱਤਰਾਂ ਨੇ ਧੋਖੇ ਨਾਲ ਘਰ ਵੇਚ ਕੇ ਪੈਸੇ ਵੰਡ ਲਏ, ਮਾਪੇ ਬਿਰਧ ਆਸ਼ਰਮ ਜਾ ਪੁੱਜੇ

ਗੁਰਦਾਸਪੁਰ, 23 ਫਰਵਰੀ, (ਪੋਸਟ ਬਿਊਰੋ)- ਲੋਕ ਔਲਾਦ ਲਈ ਬਹਤ ਕੁਝ ਕਰਦੇ ਹਨ ਅਤੇ ਉਨ੍ਹਾਂ ਉੱਤੇ ਆਪਣੀਆਂ ਖ਼ੁਸ਼ੀਆਂ ਤਕ ਕੁਰਬਾਨ ਕਰ ਦਿੰਦੇ ਹਨ। ਉਨ੍ਹਾਂ ਦੀ ਆਸ ਹੁੰਦੀ ਹੈ ਕਿ ਬੱਚੇ ਬੁਢਾਪੇ ਵਿੱਚ ਉਨ੍ਹਾਂ ਦਾ ਸਹਾਰਾ ਬਣਨਗੇ ਅਤੇ ਦੇਖਭਾਲ ਕਰਨਗੇ। ਨਵੀਂ ਖਬਰ ਹੈ ਕਿ ਦੋ ਪੁੱਤਰਾਂ ਨੇ ਆਪਣੇ ਮਾਂ-ਬਾਪ ਨਾਲ ਅਜਿਹਾ ਧੋਖਾ ਕੀਤਾ ਕਿ ਇਸ ਰਿਸ਼ਤੇ ਉੱਤੇ ਮਾਪਿਆਂ ਦਾ ਯਕੀਨ ਨਹੀਂ ਰਿਹਾ। ਬਜ਼ੁਰਗ ਨਿਰਮਲ ਸਿੰਘ ਤੇ ਕਮਲੇਸ਼ ਰਾਣੀ ਆਪਣੇ ਪੁੱਤਰਾਂ ਵੱਲੋਂ ਕੀਤੇ ਗਏ ਇੱਕ ਧੋਖੇ ਕਾਰਨ ਜੀਵਨ ਦੇ ਆਖਰੀ ਪੜਾਅ ਵਿੱਚ ਬਿਰਧ ਆਸ਼ਰਮ ਪਹੁੰਚ ਗਏ ਹਨ।

ਪਤਾ ਲੱਗਾ ਹੈ ਕਿ ਉਨ੍ਹਾਂ ਪੁੱਤਰਾਂ ਨੇ ਉਨ੍ਹਾਂ ਨੂੰ ਧੋਖਾ ਦੇ ਕੇ ਘਰ ਵੇਚ ਦਿੱਤਾ ਅਤੇ ਪੈਸੇ ਆਪੋ ਵਿੱਚ ਵੰਡ ਕੇ ਮਾਂ-ਬਾਪ ਨੂੰ ਬੇਸਹਾਰਾ ਛੱਡ ਦਿੱਤਾ ਹੈ। ਪੁੱਤਰਾਂ ਦੇ ਧੋਖੇ ਨਾਲ ਦੁਖੀ ਨਿਰਮਲ ਸਿੰਘ ਅਤੇ ਕਮਲੇਸ਼ ਰਾਣੀ ਕਹਿੰਦੇ ਹਨ, ਸਾਡਾ ਇਸ ਰਿਸ਼ਤੇ ਤੋਂ ਭਰੋਸਾ ਨਹੀਂ ਰਿਹਾ। ਗੁਰਦਾਸਪੁਰ ਵਿੱਚ ਹੈਲਪ ਏਜ ਇੰਡੀਆ ਵੱਲੋਂ ਪਿੰਡ ਬੱਬਰੀ ਵਿੱਚ ਚਲਾਏ ਜਾਂਦੇ ਬਿਰਧ ਆਸ਼ਰਮ ਵਿੱਚ ਪਹੁੰਚੇ ਬਜ਼ੁਰਗ ਜੋੜੇ ਨਿਰਮਲ ਸਿੰਘ ਤੇ ਪਤਨੀ ਕਮਲੇਸ਼ ਰਾਣੀ ਨੇ ਦੱਸਿਆ ਕਿ ਉਨ੍ਹਾਂ ਦੇ ਦੋ ਪੁੱਤਰ ਹਨ, ਜਿਨ੍ਹਾਂ ਵਿੱਚੋਂ ਇਕ ਜਲੰਧਰ ਅਤੇ ਦੂਸਰਾ ਪਠਾਨਕੋਟ ਵਿੱਚ ਕੰਮ ਕਰਦਾ ਹੈ। ਮਿਹਨਤ-ਮਜ਼ਦੂਰੀ ਕਰ ਕੇ ਦੋਵਾਂ ਪੁੱਤਰਾਂ ਨੂੰ ਚੰਗੀ ਸਿੱਖਿਆ ਦਿਵਾਈ ਸੀ ਤੇ ਉਹ ਪ੍ਰਿੰਟਿੰਗ ਦਾ ਕੰਮ ਕਰਨ ਲੱਗੇ ਸਨ। ਵੱਡੇ ਪੁੱਤਰ ਦਾ ਵਿਆਹ ਕੀਤਾ ਤਾਂ ਉਹ ਪਤਨੀ ਸਮੇਤ ਵੱਖਰਾ ਰਹਿਣ ਲੱਗ ਪਿਆ। ਇਸ ਤੋਂ ਬਾਅਦ ਦੂਸਰੇ ਪੁੱਤਰ ਨੇ ਪਠਾਨਕੋਟ ਵਿੱਚ ਵਿਆਹ ਕਰ ਲਿਆ ਤੇ ਓਥੇ ਹੀ ਵੱਸ ਗਿਆ। ਦੋ ਮਹੀਨੇ ਬਾਅਦ ਪੁੱਤਰਾਂ ਨੇ ਸਾਜ਼ਿਸ਼ ਘੜੀ ਤੇ ਕਿਹਾ, 'ਤੁਸੀਂ ਬਜ਼ੁਰਗ ਹਲਾਤ ਵਿੱਚ ਇਕੱਲੇ ਕਿੱਥੇ ਰਹੋਗੇ।' ਉਨ੍ਹਾਂ ਦੇ ਛੋਟੇ ਪੁੱਤਰ ਨੇ ਆਪਣੇ ਨਾਲ ਪਠਾਨਕੋਟ ਆ ਕੇ ਰਹਿਣ ਦੀ ਪੇਸ਼ਕਸ਼ ਕੀਤੀ ਤਾਂ ਉਹ ਮੰਨ ਕੇ ਉਨ੍ਹਾਂ ਦੇ ਨਾਲ ਚਲੇ ਗਏ। ਫਿਰ ਦੋਵਾਂ ਪੁੱਤਰਾਂ ਨੇ ਧੋਖੇ ਨਾਲ ਉਨ੍ਹਾਂ ਦਾ ਘਰ ਸਾਢੇ ਤਿੰਨ ਲੱਖ ਰੁਪਏ ਵਿੱਚ ਵੇਚ ਦਿੱਤਾ ਅਤੇ ਪੈਸਾ ਦੋਵਾਂ ਭਰਾਵਾਂ ਨੇ ਆਪੋ ਵਿੱਚ ਵੰਡ ਲਿਆ। ਬਜ਼ੁਰਗ ਜੋੜੇ ਨੇ ਅੱਖਾਂ ਭਰ ਕੇ ਦੱਸਿਆ ਕਿ ਜਦੋਂ ਸਾਰਾ ਕੰਮ ਹੋ ਗਿਆ, ਨੂੰਹ ਨੇ ਆਪਣਾ ਰੰਗ ਦਿਖਾਉਣਾ ਸ਼ੁਰੂ ਕੀਤਾ ਤੇ ਗੱਲ-ਗੱਲ ਉੱਤੇ ਤੰਗ ਕਰਨ ਲੱਗੀ। ਫਿਰ ਪੁੱਤਰ ਨੇ ਉਨ੍ਹਾਂ ਨੂੰ ਪਠਾਨਕੋਟ ਵਿੱਚ ਵੱਖਰਾ ਕਮਰਾ ਕਿਰਾਏ ਉੱਤੇ ਲੈ ਦਿੱਤਾ, ਪਰ ਕਿਰਾਇਆ ਨਾ ਦਿੱਤਾ ਤਾਂ ਮਕਾਨ ਮਾਲਿਕ ਨੇ ਬੁਰਾ-ਭਲਾ ਕਹਿਣਾ ਸ਼ੁਰੂ ਕਰ ਦਿੱਤਾ। ਨੇੜਲੇ ਲੋਕਾਂ ਨੇ ਉਨ੍ਹਾਂ ਦੀ ਬੁਰੀ ਹਾਲਤ ਦੇਖ ਕੇ ਬਿਰਧ ਆਸ਼ਰਮ ਪੁਚਾ ਦਿੱਤਾ ਹੈ।

# ਮੇਰਾ ਬਿਆਨ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਐ: ਡੀ.ਜੀ.ਪੀ.

ਚੰਡੀਗੜ੍ਹ, 23 ਫਰਵਰੀ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਦੇ ਬਿਆਨ ਕਾਰਨ ਸ਼ੁਰੂ ਹੋਏ ਹੰਗਾਮੇ ਤੋਂ ਬਾਅਦ ਕੱਲ੍ਹ ਉਨ੍ਹਾਂ ਇਸ 'ਤੇ ਹੈਰਾਨੀ ਜ਼ਾਹਰ ਕਰਦੇ ਹੋਏ ਕਿਹਾ ਕਿ ਇੰਡੀਅਨ ਐਕਸਪ੍ਰੈਸ ਦੇ 20 ਫਰਵਰੀ ਨੂੰ ਹੋਏ ਪ੍ਰੋਗਰਾਮ ਵਿੱਚ ਉਨ੍ਹਾਂ ਵੱਲੋਂ ਦਿੱਤੇ ਬਿਆਨ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਗਲਤ ਅਰਥ ਕੱਢੇ ਜਾ ਰਹੇ ਹਨ, ਜਿਸ ਕਾਰਨ ਵਿਵਾਦ ਪੈਦਾ ਹੋ ਗਿਆ ਹੈ।

ਇਥੋਂ ਜਾਰੀ ਇੱਕ ਬਿਆਨ ਵਿੱਚ ਦਿਨਕਰ ਗੁਪਤਾ ਨੇ ਕਿਹਾ ਕਿ ਕਰਤਾਰਪੁਰ ਲਾਂਘਾ ਖੁੱਲ੍ਹਣ ਨਾਲ ਮੈਨੂੰ ਵੀ ਬੇਹੱਦ ਖੁਸ਼ੀ ਹੋਈ ਹੈ, ਜਿਸ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਮੰਨਣ ਵਾਲੇ ਦੁਨੀਆ ਭਰ ਵਿੱਚ ਵਸਦੇ ਮੇਰੇ ਵਰਗੇ ਲੱਖਾਂ ਸ਼ਰਧਾਲੂਆਂ ਦੀ ਦਹਾਕਿਆਂ ਪੁਰਾਣੀ ਖੁੱਲ੍ਹੇ ਦਰਸ਼ਨ ਦੀਦਾਰ ਦੀ ਅਰਦਾਸ ਪੂਰੀ ਹੋਈ ਹੈ। ਇਹ ਹੋਰ ਵੀ ਖੁਸ਼ੀ ਦੀ ਗੱਲ ਹੈ ਕਿ ਇਹ ਲਾਂਘਾ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਖੋਲ੍ਹਿਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੇ ਪੰਜਾਬ ਪੁਲਸ ਸਮੇਤ



ਇਸ ਦੀਆਂ ਸਾਰੀਆਂ ਏਜੰਸੀਆਂ ਨੇ ਇਸ ਇਤਿਹਾਸਕ ਸਮਾਗਮ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਨ ਲਈ ਪੂਰੀ ਸ਼ਰਧਾ ਤੇ ਪ੍ਰਤੀਬੱਧਤਾ ਨਾਲ ਕੰਮ ਕੀਤਾ ਅਤੇ ਸੂਬੇ ਦਾ ਡੀ ਜੀ ਪੀ ਹੋਣ ਦੇ ਨਾਤੇ ਮੈਂ ਭਰੋਸਾ ਦਿੰਦਾ ਹਾਂ ਕਿ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਨੂੰ ਕੋਈ ਸਮੱਸਿਆ ਨਾ ਆਵੇ, ਇਸ ਲਈ ਅਸੀਂ ਮਿਲ ਕੇ ਕੰਮ ਕਰਨਾ ਜਾਰੀ ਰੱਖਾਂਗੇ। ਦਿਨਕਰ ਗੁਪਤਾ ਨੇ ਕਿਹਾ ਕਿ ਪੰਜਾਬ ਪੁਲਸ, ਜਿਹੜੀ ਸਰਹੱਦ ਪਾਰੋਂ ਫੰਡ ਤੇ ਮਦਦ ਪ੍ਰਾਪਤ ਖਾੜਕੂਵਾਦ ਵਿਰੁੱਧ ਲਗਾਤਾਰ ਲੜਾਈ ਦਾ ਸਾਹਮਣਾ ਕਰ ਰਹੀ ਹੈ, ਨੂੰ ਚੌਕਸ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੈਂ ਸਿਰਫ ਭਾਰਤ ਪ੍ਰਤੀ ਆਪਣੀ ਦੁਸ਼ਮਣੀ ਰੱਖਦੇ ਬਦਨਾਮ ਅਨਸਰਾਂ ਤੇ ਹਰ ਮੌਕੇ ਦਾ, ਇਥੋਂ ਤੱਕ ਕਿ ਸਭ ਤੋਂ ਪਵਿੱਤਰ ਸਥਾਨਾਂ ਦਾ ਵੀ ਨਾਜਾਇਜ਼ ਲਾਭ ਉਠਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਖਿਲਾਫ ਚੌਕਸ ਰਹਿਣ ਲਈ ਕਿਹਾ ਹੈ, ਜੋ ਦੇਸ਼ ਦੀ ਸ਼ਾਂਤੀ ਤੇ ਫਿਰਕੂ ਸਦਭਾਵਨਾ ਨੂੰ ਭੰਗ ਕਰਨ ਲਈ ਤੱਤਪਰ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਮੇਰੀ ਟਿੱਪਣੀ ਸਿਰਫ ਪੰਜਾਬ ਅਤੇ ਭਾਰਤ ਦੀ ਸੁਰੱਖਿਆ ਬਾਰੇ ਸੀ, ਉਸ ਦਾ ਕਿਸੇ ਧਰਮ ਜਾਂ ਕਿਸੇ ਭਾਈਚਾਰੇ ਨਾਲ ਸੰਬੰਧ ਨਹੀਂ ਹੈ।

## ਮਾਮਲਾ ਫਰਸ਼ 'ਤੇ ਡਲਿਵਰੀ ਦਾ

# ਸਿਹਤ ਮੰਤਰੀ ਨੇ ਤਿੰਨ ਡਾਕਟਰਾਂ ਨੂੰ ਸਸਪੈਂਡ ਕਰਨ ਲਈ ਹੁਕਮ ਦਿੱਤੇ

ਮੋਗਾ, 23 ਫਰਵਰੀ (ਪੋਸਟ ਬਿਊਰੋ)- ਡੇਢ ਮਹੀਨਾ ਪਹਿਲਾਂ ਜ਼ਿਲਾ ਪੱਧਰੀ ਸਿਵਲ ਹਸਪਤਾਲ ਵਿੱਚ ਜੱਚਾ-ਬੱਚਾ ਵਾਰਡ ਵਿੱਚ ਕੜਾਕੇ ਦੀ ਠੰਢ ਵਿੱਚ ਨੌਂ ਜਨਵਰੀ ਦੇ ਤੜਕੇ ਲੇਬਰ ਰੂਮ ਦੇ ਬਾਹਰ ਫਰਸ਼ ਉੱਤੇ ਜਨਮੇ ਬੱਚੇ ਛੇ ਦਿਨ ਬਾਅਦ 15 ਜਨਵਰੀ ਨੂੰ ਫਰੀਦਕੋਟ ਦੇ ਮੈਡੀਕਲ ਕਾਲਜ ਵਿੱਚ ਮੌਤ ਹੋ ਗਈ ਸੀ। ਇਸ ਘਟਨਾ ਦੀ ਲਾਪਰਵਾਹੀ ਦੇ ਕੇਸ ਵਿੱਚ ਕੱਲ੍ਹ ਮੋਗਾ ਵਿਖੇ ਆਯੂਸ਼ ਹਸਪਤਾਲ ਦਾ ਨੀਂਹ ਪੱਥਰ ਰੱਖਣ ਲਈ ਪੁੱਜੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਇਸ ਘਟਨਾ ਦੀ ਜਾਂਚ ਰਿਪੋਰਟ ਦੇ ਆਧਾਰ 'ਤੇ ਹਸਪਤਾਲ ਦੀ ਔਰਤਾਂ ਦੇ ਰੋਗਾਂ ਦੀ ਮਾਹਰ ਡਾਕਟਰ ਮਨੀਸ਼ਾ ਗੁਪਤਾ ਤੇ ਉਸ ਦੇ ਪਤੀ ਬੱਚਿਆਂ ਦੇ ਰੋਗਾਂ ਦੇ ਮਾਹਰ ਡਾਕਟਰ ਆਸ਼ੀਸ਼ ਅਗਰਵਾਲ ਨੂੰ ਸਸਪੈਂਡ ਕਰਨ ਦੇ ਹੁਕਮ ਦਿੱਤੇ ਹਨ।

ਵਰਨਣ ਯੋਗ ਹੈ ਕਿ ਪਿੰਡ ਬਾਜੇਕੇ ਵਾਸੀ ਅਮਨਦੀਪ ਕੌਰ ਪਤਨੀ ਗੁਰਦੇਵ ਸਿੰਘ ਵੱਲੋਂ ਅੱਠ ਜਨਵਰੀ ਨੂੰ ਸਿਵਲ ਹਸਪਤਾਲ ਦੇ ਜੱਚਾ-ਬੱਚਾ ਵਾਰਡ ਵਿੱਚ ਪੁੱਜਣ 'ਤੇ ਡਲਿਵਰੀ ਦਾ ਸਮਾਂ ਨੇੜੇ ਦੱਸ ਕੇ ਉਸ ਨੂੰ ਦਾਖਲ ਕੀਤਾ ਗਿਆ ਸੀ। ਮੌਕੇ ਉੱਤੇ ਵਾਰਡ ਵਿੱਚ ਮੌਜੂਦ ਮਰੀਜ਼ਾਂ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਸਾਰੀ ਰਾਤ ਅਮਨਦੀਪ ਕੌਰ ਡਲਿਵਰੀ ਦਰਦ ਨਾਲ ਤੜਫਦੀ ਰਹੀ, ਪਰ ਉਸ ਦੇ ਜਾਂਚ 'ਚ ਲਾਪਰਵਾਹੀ ਹੋਣ ਕਰ ਕੇ ਉਸ ਨੇ ਫਰਸ਼ 'ਤੇ ਬੱਚੇ ਨੂੰ ਜਨਮ ਦਿੱਤਾ ਸੀ। ਇਸ ਕੇਸ ਦੀ ਗੰਭੀਰਤਾ ਵੇਖਦੇ ਹੋਏ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੇ ਹੁਕਮਾਂ ਉੱਤੇ ਸਿਵਲ ਸਰਜਨ ਮੋਗਾ ਡਾਕਟਰ ਹਰਿੰ-ਦਰਪਾਲ ਸਿੰਘ ਨੇ ਇਸ ਦੀ ਜਾਂਚ ਲਈ ਪੰਜ ਮੈਂਬਰੀ ਜਾਂਚ ਕਮੇਟੀ ਬਣਾਈ ਸੀ, ਜਿਸ ਨੇ ਇੱਕ ਹਫਤੇ ਦੇ ਸਮੇਂ ਵਿੱਚ ਜਾਂਚ ਰਿਪੋਰਟ ਤਿਆਰ ਕਰ ਕੇ ਵਿਭਾਗੀ ਡਾਇਰੈਕਟਰ ਅਤੇ ਸੈਕਟਰੀ ਨੂੰ ਭੇਜ ਦਿੱਤੀ ਸੀ। ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਲੋੜਵੰਦਾਂ ਪ੍ਰਤੀ ਸਿਹਤ ਵਿਭਾਗ ਪੂਰੀ ਤਰ੍ਹਾਂ ਗੰਭੀਰ ਹੈ ਤੇ ਇਨ੍ਹਾਂ ਸਹੂਲਤਾਂ ਨੂੰ ਆਮ ਲੋਕਾਂ ਤੱਕ ਪੁਚਾਉਣ ਵਿੱਚ ਲਾਪਰਵਾਹੀ ਸਹਿਣ ਨਹੀਂ ਕੀਤੀ ਜਾਵੇਗੀ।

# ਚੰਡੀਗੜ੍ਹ ਦੇ ਗਰਲਜ਼ ਪੀ ਜੀ ਵਿੱਚ ਲੱਗੀ ਅੱਗ ਨਾਲ ਤਿੰਨ ਲੜਕੀਆਂ ਜ਼ਿੰਦਾ ਸੜ ਗਈਆਂ

ਚੰਡੀਗੜ੍ਹ, 23 ਫਰਵਰੀ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਕੱਲ੍ਹ ਸ਼ਾਮ ਸੈਕਟਰ-32 ਡੀ ਦੇ ਇੱਕ ਘਰ ਵਿੱਚ ਚਲਾਏ ਜਾ ਰਹੇ ਗਰਲਜ਼ ਪੀ ਜੀ ਵਿੱਚ ਅੱਗ ਲੱਗ ਗਈ, ਜਿਸ ਨਾਲ ਤਿੰਨ ਲੜਕੀਆਂ ਜ਼ਿੰਦਾ ਸੜ ਗਈਆਂ, ਜਦ ਕਿ ਦੋ ਲੜਕੀਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਇੱਕ ਲੜਕੀ ਨੇ ਪਹਿਲੀ ਮੰਜ਼ਿਲ ਤੋਂ ਛਾਲ ਮਾਰ ਕੇ ਆਪਣੀ ਜਾਨ ਬਚਾਈ ਤੇ ਉਹ ਵੀ ਗੰਭੀਰ ਜ਼ਖਮੀ ਹੋ ਗਈ। ਹਾਦਸੇ ਵਿੱਚ ਮਾਰੀਆਂ ਗਈਆਂ ਲੜਕੀਆਂ ਦੀ ਪਛਾਣ ਰੀਆ, ਪਾਕਸ਼ੀ ਤੇ ਮੁਸਕਾਨ ਦੇ ਤੌਰ 'ਤੇ ਹੋਈ। ਇਨ੍ਹਾਂ 'ਚੋਂ ਦੋ ਪੰਜਾਬ ਦੀਆਂ ਅਤੇ ਇੱਕ ਹਰਿਆਣਾ ਦੀ ਰਹਿਣ ਵਾਲੀ ਸੀ। ਇਸ ਘਟਨਾ ਨਾਲ ਪੂਰੇ ਇਲਾਕੇ ਵਿੱਚ ਤਰਥੱਲੀ ਮਚ ਗਈ। ਪੁਲਸ ਨੇ ਇਲਾਕੇ ਨੂੰ ਆਪਣੇ ਘੇਰੇ ਵਿੱਚ ਲੈ ਲਿਆ।

ਦੱਸਿਆ ਗਿਆ ਹੈ ਕਿ ਪੀ ਜੀ ਵਿੱਚੋਂ ਲੋਕਾਂ ਨੇ ਅਚਾਨਕ ਧੂੰਆਂ ਉਠਦਾ ਦੇਖਿਆ, ਜਿਸ ਦੀ ਸੂਚਨਾ ਉਨ੍ਹਾਂ ਪੁਲਸ ਨੂੰ ਦਿੱਤੀ। ਮੌਕੇ 'ਤੇ ਫਾਇਰ ਬ੍ਰਿਗੇਡ ਦੀ ਟੀਮ ਅਤੇ ਪੁਲਸ ਪਹੁੰਚੀ ਅਤੇ ਅੱਗ ਬੁਝਾਉਣ ਦਾ ਕੰਮ ਸ਼ੁਰੂ ਕੀਤਾ। ਅੰਦਰ ਜਾ ਕੇ ਦੇਖਿਆ ਤਾਂ ਉਥੇ ਪੰਜ ਲੜਕੀਆਂ ਬੁਰੀ ਤਰ੍ਹਾਂ ਝੁਲਸੀ ਹੋਈ ਹਾਲਤ ਵਿੱਚ ਪਈਆਂ ਸਨ। ਉਨ੍ਹਾਂ ਨੂੰ ਜੀ ਐਮ ਜੀ ਐਚ-32 ਹਸਪਤਾਲ ਲਿਜਾਇਆ ਗਿਆ ਜਿੱਥੇ ਤਿੰਨ ਲੜਕੀਆਂ ਦੀ ਇਲਾਜ ਦੌਰਾਨ ਮੌਤ ਹੋ ਗਈ ਦੋ ਹੋਰ ਲੜਕੀਆਂ ਦੀ ਹਾਲਤ ਗੰਭੀਰ ਹੈ। ਮਰਨ ਵਾਲੀ ਲੜਕੀ ਮੁਸਕਾਨ ਹਰਿਆਣਾ ਦੇ ਹਿਸਾਰ, ਰੀਆ ਪੰਜਾਬ ਦੇ ਕਪੂਰਥਲਾ ਅਤੇ ਪਾਕਸ਼ੀ ਪੰਜਾਬ ਦੇ ਕੋਟਕਪੂਰੇ ਦੀ ਰਹਿਣ ਵਾਲੀ ਸੀ। ਇਨ੍ਹਾਂ ਦੀ ਉਮਰ 18 ਤੋਂ 22 ਸਾਲ ਵਿਚਕਾਰ ਦੱਸੀ ਜਾ ਰਹੀ ਹੈ। ਪਾਕਸ਼ੀ ਤੇ ਮੁਸਕਾਨ ਐਸ ਡੀ



ਕਾਲਜ ਵਿੱਚ ਐਮ ਕਾਮ ਦੀਆਂ ਵਿਦਿਆਰਥਣਾਂ ਸਨ। ਪੀ ਜੀ ਵਿੱਚ ਲਗਭਗ 25 ਲੜਕੀਆਂ ਦੇ ਰਹਿਣ ਦੀ ਵਿਵਸਥਾ ਹੈ, ਪਰ ਅਜੇ ਉਥੇ ਚਾਰ-ਪੰਜ ਲੜਕੀਆਂ ਹੀ ਰਹਿ ਰਹੀਆਂ ਸਨ। ਪਤਾ ਲੱਗਾ ਹੈ ਕਿ ਅੱਗ ਲੈਪਟਾਪ ਦੀ ਬੈਟਰੀ ਪਾਟਣ ਨਾਲ ਲੱਗੀ ਸੀ। ਕਮਰੇ 'ਚ ਲੱਕੜੀ ਦਾ ਸਾਮਾਨ ਚੋਖਾ ਹੋਣ ਕਾਰਨ ਉਸ ਨੇ ਅੱਗ ਫੜ ਲਈ ਅਤੇ ਕੁਝ ਮਿੰਟਾਂ ਵਿੱਚ ਅੱਗ ਨੇ ਲੜਕੀਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਗੰਭੀਰ ਝੁਲਸੀ ਹਾਲਤ ਵਾਲੀਆਂ ਲੜਕੀਆਂ 'ਚ ਜੈਸਮੀਨ ਤੇ ਫਾਮਿਨਾ ਸ਼ਾਮਲ ਹਨ। ਜੈਸਮੀਨ ਪੰਜਾਬ ਦੇ ਮੋਗਾ, ਜਦ ਕਿ ਫਾਮਿਨਾ ਹਰਿਆਣਾ ਦੇ ਫਤਿਹਾਬਾਦ ਦੀ ਰਹਿਣ ਵਾਲੀ ਹੈ। ਜੈਸਮੀਨ ਤੇ ਫਾਮਿਨਾ ਇੱਕ ਦੂਜੀ ਨੂੰ ਨਹੀਂ ਜਾਣਦੀਆਂ ਸਨ। ਉਨ੍ਹਾਂ ਮੁਤਾਬਕ ਪੀ ਜੀ ਵਿੱਚ ਅੱਜਕੱਲ੍ਹ 15-20 ਵਿਦਿਆਰਥਣਾਂ ਰਹਿ ਰਹੀਆਂ ਸਨ, ਪਰ ਘਟਨਾ ਦੌਰਾਨ ਜ਼ਿਆਦਾ ਉਥੇ ਮੌਜੂਦ ਨਹੀਂ ਸਨ। ਦੱਸਿਆ ਗਿਆ ਹੈ ਕਿ ਇਹ ਪੀ ਜੀ ਰਜਿਸਟਰਡ ਨਹੀਂ ਹੈ। ਉਥੇ ਨਾਜਾਇਜ਼ ਤੌਰ ਉਤੇ ਪੀ ਜੀ ਚਲਾਇਆ ਜਾ ਰਿਹਾ ਹੈ। ਹਾਦਸੇ ਵਿੱਚ ਮਰਨ ਵਾਲੀ ਪਾਕਸ਼ੀ ਕੋਟਕਪੂਰਾ ਦੇ





ਸੱਟਾ ਬਾਜ਼ਾਰ ਦੇ ਨਵਦੀਪ ਗਰੋਵਰ ਦੀ ਬੇਟੀ ਸੀ। ਉਹ ਡੀ ਏ ਵੀ ਕਾਲਜ ਵਿੱਚ ਮੈਡੀਕਲ ਗਰੁੱਪ ਦੀ 12ਵੀਂ ਕਲਾਸ ਦੀ ਟਾਪਰ ਰਹਿ ਚੁੱਕੀ ਹੈ।

## ਸੜਕ ਹਾਦਸੇ ਵਿੱਚ ਸਕੂਟਰ ਚਾਲਕ ਦੀ ਮੌਤ

ਫਿਲੌਰ, 23 ਫਰਵਰੀ (ਪੋਸਟ ਬਿਊਰੋ)- ਨੇੜਲੇ ਪਿੰਡ ਅੱਟੀ ਕੋਲ ਫਿਲੌਰ ਵੱਲੋਂ ਸਰਕਾਰੀ ਰਾਸ਼ਨ ਲੈ ਕੇ ਜਾ ਰਹੇ ਟਰੱਕ ਦੇ ਸਕੂਟਰ ਨਾਲ ਟਕਰਾਉਣ ਕਾਰਨ ਸਕੂਟਰ ਚਾਲਕ ਸਰਬਜੀਤ ਰਾਮ (38) ਪੁੱਤਰ ਵਲੈਤੀ ਰਾਮ ਪਿੰਡ ਰਾਜਗੋਮਾਲ ਗੋਰਸੀਆਂ (ਨੂਰਮਹਿਲ) ਦੀ ਮੌਕੇ 'ਤੇ ਮੌਤ ਹੋ ਗਈ, ਜਦੋਂ ਕਿ ਉਨ੍ਹਾਂ ਦੀ ਧੀ ਮਨਜੋਤ ਕੌਰ (12) ਦੀ ਲੱਤ ਟੁੱਟ ਗਈ ਤੇ ਪਤਨੀ ਮਨਪ੍ਰੀਤ ਕੌਰ (32) ਵੀ ਜ਼ਖ਼ਮੀ ਹੋ ਗਈ। ਟਰੱਕ ਦਾ ਡਰਾਈਵਰ ਮੌਕੇ ਤੋਂ ਫ਼ਰਾਰ ਹੋ ਗਿਆ। ਉਸ ਵੇਲੇ ਡੀ ਐਸ ਪੀ ਜਲੰਧਰ ਸੁਖਵਿੰਦਰ ਸਿੰਘ ਦੀ ਗੱਡੀ ਉਥੋਂ ਲੰਘ ਰਹੀ ਸੀ, ਉਨ੍ਹਾਂ ਨੇ ਆਪਣੀ ਗੱਡੀ ਵਿੱਚ ਜ਼ਖ਼ਮੀਆਂ ਨੂੰ ਸਥਾਨਕ ਸਿਵਲ ਹਸਪਤਾਲ ਫਿਲੌਰ ਪਹੁੰਚਾਇਆ। ਲੜਕੀ ਦੀ ਹਾਲਤ ਗੰਭੀਰ ਹੋਣ ਕਾਰਨ ਡਾਕਟਰਾਂ ਨੇ ਉਸ ਨੂੰ ਪੀ ਜੀ ਆਈ ਚੰਡੀਗੜ੍ਹ ਭੇਜ ਦਿੱਤਾ ਅਤੇ ਮ੍ਰਿਤਕ ਦੀ ਪਤਨੀ ਮਨਪ੍ਰੀਤ ਕੌਰ ਨੂੰ ਵੀ ਨਾਲ ਹੀ ਭੇਜ ਦਿੱਤਾ ਗਿਆ।

ਮਿਲੀ ਜਾਣਕਾਰੀ ਅਨੁਸਾਰ ਸਰਬਜੀਤ ਰਾਮ ਆਪਣੇ ਪਰਵਾਰ ਸਮੇਤ ਸਕੂਟਰ 'ਤੇ ਆਪਣੇ ਸਹੁਰੇ ਪਿੰਡ ਦੁਸਾਂਝ ਜਾ ਰਹੇ ਸਨ। ਅੱਟੀ ਵਾਲੇ ਮੋੜ ਕੋਲ ਫਿਲੌਰ ਵੱਲੋਂ ਆਇਆ ਤੇਜ਼ ਰਫ਼ਤਾਰ, ਟਰੱਕ ਜਿਸ ਵਿੱਚ ਸਰਕਾਰੀ ਰਾਸ਼ਨ ਲੱਦਿਆ ਸੀ, ਉਨ੍ਹਾਂ ਦੇ ਸਕੂਟਰ ਨਾਲ ਜਾ ਟਕਰ-ਾਇਆ। ਇਸ ਹਾਦਸੇ 'ਚ ਸਰਬਜੀਤ ਦੀ ਮੌਕੇ 'ਤੇ ਮੌਤ ਹੋ ਗਈ, ਜਦੋਂ ਕਿ ਉਨ੍ਹਾਂ ਦੀ ਪਤਨੀ ਤੇ ਧੀ ਜ਼ਖ਼ਮੀ ਹੋ ਗਈਆਂ। ਏ ਐਸ ਆਈ ਫਿਲੌਰ ਭਰਤ ਮਸੀਹ ਓਥੇ ਜਾ ਕੇ ਲੋੜੀਂਦੀ ਕਾਰਵਾਈ ਕੀਤੀ।

# ਬੀ-ਟੈਕ ਪਾਸ ਸਰਪੰਚ ਨੇ ਪਿੰਡ 'ਚ ਖ਼ਾਸ ਸਹੂਲਤਾਂ ਦਿੱਤੀਆਂ

ਸੰਗਰੂਰ, 23 ਫਰਵਰੀ (ਪੋਸਟ ਬਿਊਰੋ)- ਲਹਿਰਾਗਾਰਾ ਨੇੜਲਾ ਪਿੰਡ ਭੁਟਾਲ ਕਲਾਂ ਆਮ ਪਿੰਡਾਂ ਤੋਂ ਵੱਖਰਾ ਹੈ। ਇਥੇ ਦਾ ਸਰਪੰਚ ਬੀ-ਟੈਕ ਪਾਸ ਗੁਰਵਿੰਦਰ ਸਿੰਘ ਬੱਗੜ ਹੈ। ਉਸ ਦੇ ਤਕਨੀਕੀ ਗਿਆਨ ਦਾ ਫਾਇਦਾ ਪਿੰਡ ਵਾਸੀਆਂ ਨੂੰ ਮਿਲ ਰਿਹਾ ਹੈ। ਇਥੇ ਜਿਥੇ ਏ ਸੀ ਬੱਸ ਅੱਡਾ ਬਣ ਗਿਆ ਹੈ, ਉਥੇ ਸੁਰੱਖਿਆ ਦੇ ਲਈ ਬੱਸ ਅੱਡੇ ਤੋਂ ਇਲਾਵਾ ਪਿੰਡ ਦੀਆਂ ਗਲੀਆਂ ਵਿੱਚ ਵੀ ਸੀ ਸੀ ਟੀ ਵੀ ਕੈਮਰੇ ਲਗਵਾਏ ਗਏ ਹਨ। ਢੀਂਡਸਾ ਰੋਡ ਉੱਤੇ ਪਿੰਡ ਦੀ ਫਿਰਨੀ ਉੱਤੇ ਏ ਸੀ ਬੱਸ ਅੱਡੇ ਦੀ ਉਸਾਰੀ ਕਰਵਾਈ ਗਈ, ਜਿਸ ਉੱਤੇ ਛੇ ਲੱਖ ਰੁਪਏ ਖਰਚ ਆਏ ਹਨ।

ਪਹਿਲਾਂ ਇਥੇ ਕੇਵਲ ਚਬੂਤਰਾ ਹੁੰਦਾ ਸੀ। ਦਰਖਤਾਂ ਹੇਠ ਖੜੋ ਕੇ ਲੋਕ ਬੱਸਾਂ ਦੀ ਉਡੀਕ ਕਰਦੇ ਸਨ। ਬਰਸਾਤ, ਗਰਮੀ ਤੇ ਸਰਦੀ ਤੋਂ ਬਚਣ ਲਈ ਬੱਸ ਅੱਡੇ ਦੇ ਨਾਂ ਉਤੇ ਇੱਕ ਖਸਤਾ ਹਾਲ ਕਮਰਾ ਸੀ। ਇਸ ਸਮੱਸਿਆ ਦੇ ਹੱਲ ਲਈ ਪੰਚਾਇਤ ਨੇ ਇਥੇ ਨਵਾਂ ਬੱਸ ਅੱਡਾ ਬਣਾਉਣ ਦਾ ਫ਼ੈਸਲਾ ਕੀਤਾ। ਇਸ ਪਿੱਛੋਂ ਚਾਰਾਂ ਪਾਸੇ ਚਾਰਦੀਵਾਰੀ ਕੀਤੀ ਗਈ ਅਤੇ ਵਿਚਾਲੇ ਝੋਪੜੇ ਦੇ ਆਕਾਰ ਦਾ ਹਾਲ ਬਣਾ ਕੇ ਚਾਰੇ ਪਾਸੇ ਸ਼ੀਸ਼ੇ ਲਵਾਏ ਹਨ। ਹਾਲ ਵਿੱਚ ਮੁਸਾਫਿਰਾਂ ਦੇ ਬੈਠਣ ਲਈ ਬੈਂਚ ਹਨ। ਦੋ ਟਨ ਦਾ ਏ ਸੀ ਲਾਇਆ ਗਿਆ ਹੈ। ਬੱਸ ਅੱਡੇ ਦੇ ਚਾਰੇ ਪਾਸੇ ਛਾਂਦਰ ਬੂਟੇ ਲਾਏ ਹਨ ਅਤੇ ਰਾਤ ਲਾਈਟਾਂ ਦਾ ਵੀ ਪ੍ਰਬੰਧ ਕੀਤਾ ਹੈ। ਮੁਸਾਫਿਰਾਂ ਦੀ ਲੋੜ ਲਈ ਬੱਸ ਅੱਡੇ 'ਤੇ ਟਾਇਲੇਟਸ ਵੀ ਬਣਾਏ ਹਨ। ਪੀਣ ਵਾਲੇ ਪਾਣੀ ਲਈ ਵਾਟਰ ਕੂਲਰ ਅਤੇ ਆਰ ਓ ਸਿਸਟਮ ਲੱਗਾ ਹੈ। ਤਿੰਨ ਲੱਖ ਰੁਪਏ ਦੀ ਲਾਗਤ ਨਾਲ 15 ਸੀ ਸੀ ਟੀ ਵੀ ਕੈਮਰੇ ਬੱਸ ਅੱਡੇ ਸਮੇਤ ਪਿੰਡ ਦੀਆਂ ਬਾਕੀ ਮੁੱਖ ਥਾਵਾਂ 'ਤੇ ਲਗਾਏ ਗਏ ਹਨ। ਬੱਸ ਸਟੈਂਡ ਦੇ ਹਾਲ 'ਚ ਵਾਇਰਲੈਸ ਸੀ ਸੀ ਟੀ ਵੀ ਕੈਮਰੇ ਲੱਗੇ ਹਨ। ਬੱਸ ਅੱਡੇ ਦੀ ਦੇਖਭਾਲ ਤੇ ਸੁਰੱਖਿਆ ਲਈ ਪੰਚਾਇਤ ਨੇ ਇੱਕ ਮੁਲਾਜ਼ਮ ਵੀ ਰੱਖਿਆ ਹੈ।

# ਟਕਸਾਲੀ ਅਕਾਲੀ ਕਾਨਫਰੰਸ ਵਿੱਚ ਬਾਦਲਾਂ ਤੋਂ ਸ਼੍ਰੋਮਣੀ ਕਮੇਟੀ ਨੂੰ ਛੁਡਾਉਣ ਦਾ ਐਲਾਨ

## * ਬ੍ਰਹਮਪੁਰਾ ਦੇ ਹਲਕੇ ਵਿੱਚ ਰੈਲੀ, ਢੀਂਡਸਾ ਮੁੱਖ ਬੁਲਾਰਾ ਬਣੇ

ਚੋਹਲਾ ਸਾਹਿਬ (ਤਰਨ ਤਾਰਨ), 23 ਫਰਵਰੀ, (ਪੋਸਟ ਬਿਊਰੋ)- ਟਕਸਾਲੀ ਅਕਾਲੀ ਦਲ ਨੇ ਮਾਝਾ ਖੇਤਰ ਵਿੱਚ ਜ਼ਿਲਾ ਤਰਨ ਤਾਰਨ ਦੇ ਪਿੰਡ ਠੱਠੀਆਂ ਮਹੰਤਾਂ ਵਿੱਚ ਪੰਥਕ ਕਾਨਫਰੰਸ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਮੁਕਾਬਲੇ ਦਾ ਐਲਾਨ ਕਰ ਦਿੱਤਾ ਹੈ। ਇਸ ਦੌਰਾਨ ਸੰਬੋਧਨ ਕਰਨ ਵਾਲੇ ਬੁਲਾਰਿਆਂ ਨੇ ਬਾਦਲ ਪਰਿਵਾਰ ਦੇ ਪਾਜ ਉਧੇੜੇ। ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦੀ ਪ੍ਰਧਾਨਗੀ ਹੇਠ ਹੋਈ ਇਸ ਕਾਨਫਰੰਸ ਵਿਚ ਪਹੁੰਚੇ ਆਗੂਆਂ ਨੇ ਕਿਹਾ ਕਿ ਗੁਰਧਾਮਾਂ ਨੂੰ ਬਾਦਲ ਪਰਵਾਰ ਦੇ ਕਬਜ਼ੇ ਤੋਂ ਮੁਕਤ ਕਰਵਾਉਣ ਲਈ ਹਮ-ਖਿਆਲੀ ਪਾਰਟੀਆਂ ਇਕੋ ਮੰਚ ਉੱਤੇ ਆਉਣਗੀਆਂ। ਇਸ ਰੈਲੀ ਦੌਰਾਨ ਪੰਜ ਮਤੇ ਵੀ ਪਾਸ ਕੀਤੇ ਗਏ।

ਅੱਜ ਦੀ ਇਸ ਟਕਸਾਲੀ ਅਕਾਲੀ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸਾਬਕਾ ਪਾਰਲੀਮੈਂਟ ਮੈਂਬਰ ਅਤੇ ਸਾਬਕਾ ਮੰਤਰੀ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਸ਼੍ਰੋਮਣੀ ਕਮੇਟੀ ਨੂੰ ਆਪਣੀ ਰਾਜ ਸੱਤਾ ਦਾ ਜ਼ਰੀਆ ਬਣਾਇਆ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਢਾਹ ਲਾਈ ਹੈ। ਉਨ੍ਹਾਂ ਕਿਹਾ ਕਿ ਗੁਰੂ ਦੀ ਗੋਲਕ ਤੋਂ ਬਾਦਲ ਪਰਿਵਾਰ ਦਾ ਕਬਜ਼ਾ ਹਟਾਉਣ ਲਈ ਸ਼੍ਰੋਮਣੀ ਕਮੇਟੀ ਚੋਣਾਂ ਪੂਰੇ ਜ਼ੋਰ ਨਾਲ ਲੜੀਆਂ ਜਾਣਗੀਆਂ ਅਤੇ ਇਸ ਦੇ ਲਈ ਹਮ-ਖਿਆਲੀ ਪਾਰਟੀਆਂ ਨਾਲ ਸਮਝੌਤਾ ਕੀਤਾ ਜਾ ਸਕਦਾ ਹੈ।

ਇਸ ਮੌਕੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਬਿਗਲ ਅੱਜ ਤੋਂ ਵਜਾ ਦਿੱਤਾ ਗਿਆ ਹੈ। ਇਸ ਰੈਲੀ ਤੋਂ ਬਾਅਦ 23 ਫਰਵਰੀ ਨੂੰ ਸੰਗਰੂਰ ਤੇ ਉਸ ਤੋਂ ਬਾਅਦ ਰੋਪੜ ਵਿਚ ਕਾਨਫਰੰਸ ਕੀਤੀ ਜਾਵੇਗੀ ਅਤੇ ਹਰ ਜ਼ਿਲ੍ਹੇ ਵਿਚ ਜਾ ਕੇ ਲੋਕਾਂ ਨੂੰ ਸ਼੍ਰੋਮਣੀ ਕਮੇਟੀ ਦਾ ਪਾਸਾ ਪਲਟਣ ਅਤੇ ਇਸ ਦਾ ਪ੍ਰਬੰਧ ਗੁਰਸਿੱਖਾਂ ਦੇ ਹਵਾਲੇ ਕਰਨ ਵਾਸਤੇ ਸਹਿਯੋਗ ਦੀ ਅਪੀਲ ਕੀਤੀ ਜਾਵੇਗੀ।

ਪੰਜਾਬ ਦੇ ਸਾਬਕਾ ਮੰਤਰੀ ਸੇਵਾ ਸਿੰਘ ਸੇਖਵਾਂ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਅਕਾਲੀ ਦਲ ਦੇ ਸਮੁੱਚੇ ਸਿਧਾਂਤ ਨੂੰ ਖਤਮ ਕਰ ਦਿੱਤਾ ਹੈ। ਅਕਾਲੀ ਦਲ ਦੇ ਜਿਸ ਪ੍ਰਧਾਨ ਤੋਂ ਡਰਦਾ ਦਿੱਲੀ ਵਾਲਾ ਤਖ਼ਤ ਹਿਲਦਾ ਸੀ, ਅੱਜ ਓਸੇ ਅਕਾਲੀ ਦਲ ਦਾ ਪ੍ਰਧਾਨ ਉਨ੍ਹਾਂ ਦੇ ਪਿੱਛੇ ਮਿੰਨਤਾਂ ਕਰਦਾ ਫਿਰਦਾ ਹੈ। ਕੁਰਬਾਨੀਆਂ ਨਾਲ ਲਈ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲ ਪਰਿਵਾਰ ਆਪਣੇ ਹਿੱਤਾਂ ਲਈ ਵਰਤ ਰਿਹਾ ਹੈ ਤੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਲਾਂਭੇ ਕਰਕੇ ਉਸਦੇ ਉਲਟ ਜੰਮੂ-ਕਸ਼ਮੀਰ ਦੀ ਧਾਰਾ 370 ਤੋੜਨ ਦੇ ਹੱਕ ਵਿਚ ਵੋਟਾਂ ਪਾਈਆਂ ਹਨ। ਸੇਖਵਾਂ ਨੇ ਕਿਹਾ ਕਿ ਮੌਕਾ ਆ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਬਾਦਲਾਂ ਦੇ ਕਬਜ਼ੇ ਤੋਂ ਛੁਡਾਇਆ ਜਾਵੇ। ਬੀਰਦਵਿੰਦਰ ਸਿੰਘ ਨੇ ਕਾਨਫਰੰਸ ਵਿਚ ਹਾਜ਼ਰ ਲੋਕਾਂ ਨੂੰ ਸਿੱਖੀ ਦੇ ਮਹਾਨ ਤਖ਼ਤਾਂ ਅਤੇ ਸ਼੍ਰੋਮਣੀ ਕਮੇਟੀ ਦੀ ਸੇਵਾ ਪੰਥਕ ਧਿਰਾਂ ਨੂੰ ਸੌਂਪਣ ਲਈ ਅਪੀਲ ਕੀਤੀ। ਬੱਬੀ ਬਾਦਲ ਨੇ ਅਮਰਪਾਲ ਸਿੰਘ ਬੋਨੀ ਅਜਨਾਲਾ ਦੇ ਬਾਦਲ ਦਲ ਵਿਚ ਵਾਪਸ ਜਾਣ ਉੱਤੇ ਤਨਜ਼ ਕੀਤਾ ਕਿ ਸ਼ਾਮਲ ਹੋਣ ਪਿੱਛੋਂ ਬਾਦਲਾਂ ਦੀ ਰੈਲੀ ਵਿਚ ਉਸ ਨੂੰ ਬੈਠਣ ਲਈ ਕੁਰਸੀ ਤਕ ਨਹੀਂ ਦਿੱਤੀ ਗਈ।

ਇਸ ਰੈਲੀ ਨੂੰ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਰਵੀਇੰਦਰ ਸਿੰਘ, ਰਵਿੰਦਰ ਸਿੰਘ ਬ੍ਰਹਮਪੁਰਾ ਸਾਬਕਾ ਵਿਧਾਇਕ, ਹਰਜੀਤ ਕੌਰ ਤਲਵੰਡੀ, ਕਰਨੈਲ ਸਿੰਘ ਪੀਰ ਮੁਹੰਮਦ, ਮਨਮੋਹਨ ਸਿੰਘ ਸਠਿਆਲਾ, ਭੁਪਿੰਦਰ ਸਿੰਘ ਯੂ ਐਸ ਏ, ਦਲਜੀਤ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਆਦਿ ਨੇ ਵੀ ਸੰਬੋਧਨ ਕੀਤਾ।

# ਪੋਲੈਂਡ ਦੀ ਥਾਂ ਆਰਮੀਨੀਆ ਭੇਜ ਕੇ ਲੱਖਾਂ ਦੀ ਠੱਗੀ ਕਰ ਲਈ



ਕਪੂਰਥਲਾ, 23 ਫਰਵਰੀ (ਪੋਸਟ ਬਿਊਰੋ)- ਪੋਲੈਂਡ ਦੀ ਥਾਂ ਆਰਮੀਨੀਆ ਭੇਜ ਕੇ ਲੱਖਾਂ ਰੁਪਏ ਦੀ ਰਕਮ ਹੜੱਪ ਕੇ ਦੋਸ਼ ਵਿੱਚ ਥਾਣਾ ਸੁਭਾਨਪੁਰ ਪੁਲਸ ਨੇ ਇੱਕ ਟਰੈਵਲ ਏਜੰਟ ਦੇ ਖਿਲਾਫ ਕੇਸ ਦਰਜ ਕੀਤਾ ਹੈ।

ਮਿਲੀ ਸੂਚਨਾ ਅਨੁਸਾਰ ਨਵੀਨ ਕੁਮਾਰ ਪੁੱਤਰ ਬਲਰਾਮ ਰਾਜ ਵਾਸੀ ਨਡਾਲਾ ਨੇ ਐੱਸ ਐੱਸ ਪੀ ਸਤਿੰਦਰ ਸਿੰਘ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਆਪਣੇ ਭਵਿੱਖ ਲਈ ਵਿਦੇਸ਼ ਜਾਣਾ ਚਾਹੁੰਦਾ ਸੀ। ਉਸ ਦਾ ਸੰਪਰਕ ਰਮਨ ਕੁਮਾਰ ਪੁੱਤਰ ਸੁਦੇਸ਼ ਕੁਮਾਰ ਵਾਸੀ ਮਾਨ ਸਿੰਘ ਨਗਰ ਜਲੰਧਰ ਨਾਲ ਹੋਇਆ। ਰਮਨ ਕੁਮਾਰ ਨੇ ਉਸ ਨੂੰ ਪੋਲੈਂਡ ਭੇਜਣ ਲਈ 8.30 ਲੱਖ ਰੁਪਏ 'ਚ ਸੌਦਾ ਕੀਤਾ ਤਾਂ ਉਸ ਨੇ ਐਡਵਾਂਸ 1.50 ਲੱਖ ਰੁਪਏ ਨਕਦੀ ਤੇ ਪਾਸਪੋਰਟ ਰਮਨ ਕੁਮਾਰ ਨੂੰ ਦੇ ਦਿੱਤੇ। ਇਸ ਤੋਂ ਬਾਅਦ ਉਸ ਦੇ ਪਿਤਾ ਨੇ ਆਪਣੇ ਬੈਂਕ ਖਾਤਿਆਂ ਤੋਂ 8.86 ਲੱਖ ਰੁਪਏ ਰਕਮ ਕਢਵਾ ਕੇ ਉਸ ਨੂੰ ਦਿੱਤੀ ਅਤੇ ਨਾਲ ਇੱਕ ਲੱਖ 39 ਹਜ਼ਾਰ ਚਾਰ ਸੌ ਰੁਪਏ ਦੀ ਨਕਦੀ ਦੇ ਕੇ ਦੋ ਹਜ਼ਾਰ ਡਾਲਰ ਲਏ। ਇਸ ਪਿੱਛੋਂ ਰਮਨ ਕੁਮਾਰ ਨੇ ਉਸ ਦੀ ਪੋਲੈਂਡ ਦੀ ਥਾਂ ਆਰਮੀਨੀਆ ਦੀ ਫਲਾਈਟ ਕਰ ਦਿੱਤੀ, ਜਿੱਥੇ ਉਸ ਨੂੰ ਸੱਤ ਮਹੀਨੇ ਰੱਖਿਆ ਗਿਆ, ਜਿਸ ਦੌਰਾਨ ਉਸ ਨੂੰ ਰਹਿਣ ਤੇ ਖਾਣ-ਪੀਣ ਦਾ ਖਰਚਾ ਵੀ ਨਹੀਂ ਦਿੱਤਾ ਗਿਆ। ਉਸ ਨੇ ਆਪਣੇ ਘਰੋਂ 15 ਹਜ਼ਾਰ ਰੁਪਏ ਮੰਗਵਾ ਕੇ ਆਪਣਾ ਵੀਜ਼ਾ ਵਧਾਇਆ। ਫਿਰ ਉਸ ਨੂੰ ਮਜਬੂਰ ਹੋ ਕੇ 22800 ਰੁਪਏ ਦੀ ਟਿਕਟ ਲੈ ਕੇ ਭਾਰਤ ਆਉਣਾ ਪਿਆ। ਇਸ ਦੌਰਾਨ ਉਸ ਦੇ ਦੋ ਹਜ਼ਾਰ ਡਾਲਰ ਵੀ ਉਨ੍ਹਾਂ ਲੋਕਾਂ ਨੇ ਲੈ ਲਏ ਬਾਅਦ ਵਿੱਚ ਜਦੋਂ ਉਸ ਨੇ ਭਾਰਤ ਆ ਕੇ ਰਮਨ ਕੁਮਾਰ ਤੋਂ ਰਕਮ ਵਾਪਸ ਮੰਗੀ ਤਾਂ ਉਸ ਨੇ 1.25 ਲੱਖ ਰੁਪਏ ਵਾਪਸ ਕਰ ਦਿੱਤੇ ਅਤੇ ਬਾਕੀ 10 ਲੱਖ ਰੁਪਏ ਦੀ ਰਕਮ ਨਹੀਂ ਦਿੱਤੀ। ਐੱਸ ਐੱਸ ਪੀ ਨੇ ਪੂਰੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਏ ਐੱਸ ਪੀ ਭੁਲੱਥ ਡਾਕਟਰ ਸਿਮਰਨ ਕੌਰ ਨੂੰ ਜਾਂਚ ਦੇ ਹੁਕਮ ਦਿੱਤੇ। ਜਾਂਚ ਦੌਰਾਨ ਮੁਲਜ਼ਮ ਰਮਨ ਕੁਮਾਰ ਖਿਲਾਫ ਲੱਗੇ ਸਾਰੇ ਇਲਜ਼ਾਮ ਸਹੀ ਪਾਏ ਗਏ। ਜਿਸ ਦੇ ਆਧਾਰ 'ਤੇ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਢੱਡਰੀਆਂ ਵਾਲੇ ਦਾ ਐਲਾਨ: ਸਟੇਜਾਂ 'ਤੇ ਧਾਰਮਿਕ ਪ੍ਰਚਾਰ ਕਰਾਂਗਾ ਹੀ ਨਹੀਂ

ਚੰਡੀਗੜ੍ਹ, 23 ਫਰਵਰੀ (ਪੋਸਟ ਬਿਊਰੋ)- ਗੁਰਦੁਆਰਾ ਪ੍ਰਮੇਸ਼ਵਰ ਦੁਆਰ ਦੇ ਮੁੱਖ ਸੇਵਾਦਾਰ ਤੇ ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ, ਜਿਹੜੇ ਪਿਛਲੇ ਸਮੇਂ ਤੋਂ ਕੁਝ ਸਿੱਖ ਜਥੇਬੰਦੀਆਂ ਨਾਲ ਵਿਰੋਧ ਕਾਰਨ ਵਿਵਾਦਾਂ ਵਿੱਚ ਘਿਰੇ ਹੋਏ ਹਨ, ਨੇ ਐਲਾਨ ਕੀਤਾ ਹੈ ਕਿ ਉਹ ਦੇਸ਼-ਵਿਦੇਸ਼ਾਂ ਵਿੱਚ ਧਾਰਮਿਕ ਸਟੇਜਾਂ ਲਾ ਕੇ ਸਿੱਖ ਧਰਮ ਦਾ ਜੋ ਪ੍ਰਚਾਰ ਕਰਦੇ ਹਨ, ਉਹ ਕੱਲ੍ਹ ਤੋਂ ਬਾਅਦ ਨਹੀਂ ਕਰਨਗੇ। ਇਹ ਫੈਸਲਾ ਉਨ੍ਹਾਂ ਕਿਉਂ ਲਿਆ, ਇਸ ਬਾਰੇ ਪਤਾ ਲੱਗਾ ਹੈ ਕਿ ਉਹ ਜਲਦੀ ਹੀ ਵੀਡੀਓ ਜਾਰੀ ਕਰਕੇ ਸੰਗਤਾਂ ਦੇ ਰੂ-ਬ-ਰੂ ਹੋਣਗੇ।



ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਆਖਿਆ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਹਮੇਸ਼ਾ ਇਹੀ ਕਿਹਾ ਹੈ ਕਿ ਹਰ ਮਸਲੇ ਦਾ ਹੱਲ ਬੈਠ ਕੇ ਗੱਲਬਾਤ ਰਾਹੀਂ ਹੋ ਸਕਦਾ ਹੈ, ਇਸ ਲਈ ਮੈਂ ਜਥੇਦਾਰ ਨੂੰ ਹੱਥ ਜੋੜ ਕੇ ਬੇਨਤੀ ਕਰਦੇ ਹਾਂ ਕਿ ਮੈਂ ਟੀ ਵੀ ਚੈਨਲ ਰਾਹੀਂ ਗੱਲਬਾਤ ਕਰਨ ਨੂੰ ਤਿਆਰ ਹਨ, ਜਿਸ ਵਿੱਚ ਇੱਕ ਘੰਟੇ ਦਾ ਸਮਾਂ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ 40 ਮਿੰਟ ਤੁਹਾਡੇ ਹੋਣਗੇ, ਜਿਸ 'ਚ ਤੁਸੀਂ ਮੈਨੂੰ ਸਵਾਲ ਪੁੱਛਿਓ ਅਤੇ 20 ਮਿੰਟ ਮੇਰੇ ਹੋਣਗੇ, ਜਿਸ ਵਿੱਚ ਮੈਂ ਸਵਾਲਾਂ ਦੇ ਜਵਾਬ ਦੇਵਾਂਗਾ ਅਤੇ ਸਹੀ-ਗਲਤ ਦਾ ਫ਼ੈਸਲਾ ਸੰਗਤ ਕਰੇਗੀ। ਸੂਰਜ ਗ੍ਰੰਥ ਬਾਰੇ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਜਿੰਨੇ ਦਾਗ ਗੁਰੂਆਂ ਬਾਰੇ ਇਸ ਗ੍ਰੰਥ ਵਿੱਚ ਲਿਖੇ ਹੋਏ ਹਨ, ਓਨੇ ਕਿਸੇ ਗ਼ੈਰ-ਧਰਮ ਵਾਲੇ ਵਿਅਕਤੀ ਨੇ ਦੋਸ਼ ਵੀ ਨਹੀਂ ਲਾਏ ਹੋਣਗੇ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਅੱਜ ਤੱਕ ਨਾ ਇਨ੍ਹਾਂ ਨੇ ਮੇਰੇ ਨਾਲ ਇਨਸਾਫ਼ ਕੀਤਾ ਹੈ ਤੇ ਨਾ ਮੈਨੂੰ ਅੱਗੇ ਕੋਈ ਆਸ ਹੈ। ਉਨ੍ਹਾਂ ਕਿਹਾ ਕਿ ਮੈਂ ਸਿਸਟਮ 'ਤੇ ਸਵਾਲ ਕੀਤਾ ਹੈ ਅਤੇ ਅੱਗੇ ਤੋਂ ਵੀ ਕਰਦਾ ਰਹਾਂਗਾ।

# ਡਰਾਈਵਿੰਗ ਲਾਇਸੈਂਸ ਇੱਕ ਮਹੀਨੇ ਵਿੱਚ ਬਣੇਗਾ

ਚੰਡੀਗੜ੍ਹ, 23 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਟਰਾਂਸਪੋਰਟ ਵਿਭਾਗ ਨੇ ਲੋਕਾਂ ਦੀ ਸਹੂਲਤ ਲਈ ਚੰਗਾ ਕਦਮ ਚੁੱਕਿਆ ਹੈ ਕਿ ਆਰ ਟੀ ਓ ਦਫਤਰਾਂ 'ਚ ਤੀਹ ਦਿਨਾਂ ਦੇ ਅੰਦਰ ਡਰਾਈਵਿੰਗ ਲਾਇਸੈਂਸ ਬਣ ਜਾਇਆ ਕਰੇਗਾ ਅਤੇ ਜੇ ਕਿਸੇ ਕਰਮਚਾਰੀ ਜਾਂ ਅਧਿਕਾਰੀ ਨੇ 30 ਦਿਨਾਂ ਵਿੱਚ ਲਾਇਸੈਂਸ ਜਾਰੀ ਨਾ ਕੀਤਾ ਤਾਂ ਉਸ ਦੇ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾਵੇਗੀ, ਜਿਸ ਦੌਰਾਨ ਉਸ ਨੂੰ ਸਸਪੈਂਡ ਕਰਨ ਤੱਕ ਦੀ ਨੌਬਤ ਆ ਸਕਦੀ ਹੈ। ਇਹ ਕਦਮ ਏਜੰਟਾਂ ਦੇ ਜਾਲ ਨੂੰ ਤੋੜਨ ਲਈ ਚੁੱਕਿਆ ਗਿਆ ਅਤੇ ਲਾਇਸੈਂਸ ਬਣਾਉਣ ਦੀ ਪ੍ਰਕਿਰਿਆ ਸਮਾਂਬੱਧ ਕਰਨ ਲਈ ਟਰਾਂਸਪੋਰਟ ਵਿਭਾਗ ਨੇ ਇੱਕ ਕਮੇਟੀ ਬਣਾ ਦਿੱਤੀ ਹੈ। ਇਸ ਦੇ ਨਾਲ ਹੀ ਵਿਭਾਗ ਵੱਲੋਂ ਡਰਾਈਵਿੰਗ ਸਕੂਲਾਂ 'ਤੇ ਵੀ ਨਜ਼ਰ ਰੱਖੀ ਜਾਵੇਗੀ ਕਿ ਇਨ੍ਹਾਂ ਦਾ ਕੰਮਕਾਜ ਕਿਵੇਂ ਹੈ ਤੇ ਕੀ ਗੜਬੜੀਆਂ ਹੋ ਰਹੀਆਂ ਹਨ। ਵਰਨਣ ਯੋਗ ਹੈ ਕਿ ਸੂਬੇ ਅੰਦਰ 89 ਡਰਾਈਵਿੰਗ ਸਕੂਲ ਅਤੇ 32 ਆਟੋਮੇਟਿਵ ਡਰਾਈਵਿੰਗ ਟੈਸਟ ਟਰੈਕ ਹਨ। ਇਨ੍ਹਾਂ ਟੈਸਟਾਂ ਲਈ ਕੋਈ ਮੈਡੀਕਲ ਫੀਸ ਨਹੀਂ ਲਈ ਜਾਂਦੀ ਅਤੇ ਅੱਠ ਟਰੈਕਾਂ 'ਤੇ ਡਾਕਟਰ ਮੌਜੂਦ ਹਨ। ਇਸ ਦੇ ਨਾਲ ਹੈਲਪ ਡੈਸਕ ਵੀ ਬਣਾਈ ਗਈ ਹੈ। ਇਸ ਤੋਂ ਪਹਿਲਾਂ ਲੋਕ ਅਣਜਾਣਪੁਣੇ 'ਚ ਏਜੰਟਾਂ ਨੂੰ ਹਜ਼ਾਰਾਂ ਰੁਪਏ ਲੁਟਾ ਕੇ ਲਾਇਸੈਂਸ ਦੀ ਉਡੀਕ ਕਰਦੇ ਸਨ। ਉੱਚ ਅਧਿਕਾਰੀਆਂ ਕੋਲ ਅਜਿਹੀਆਂ ਸ਼ਿਕਾਇਤਾਂ ਪਹੁੰਚ ਰਹੀਆਂ ਹਨ, ਜਿਸ ਪਿੱਛੋਂ ਵਿਭਾਗ ਨੇ ਕੁਝ ਠੋਸ ਕਦਮ ਚੁੱਕੇ ਹਨ।





## ਆਗਰਾ ਵਿੱਚ ਟਰੰਪ ਦੀ ਸੁਰੱਖਿਆ ਵਿੱਚ ਲੰਗੂਰ ਵੀ ਤਾਇਨਾਤ ਕੀਤੇ ਜਾਣਗੇ



ਨਵੀਂ ਦਿੱਲੀ, 23 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੌਰੇ ਵੇਲੇ ਜ਼ਬਰਦਸਤ ਸੁਰੱਖਿਆ ਪ੍ਰਬੰਧ ਕੀਤਾ ਜਾ ਰਿਹਾ ਹੈ। ਉਂਜ ਟਰੰਪ ਅਤੇ ਉਨ੍ਹਾਂ ਦੇ ਪਰਵਾਰ ਦੀ ਸੁਰੱਖਿਆ ਦਾ ਜ਼ਿੰਮਾ ਅਮਰੀਕੀ ਸੀਕ੍ਰੇਟ ਸਰਵਿਸ ਕੋਲ ਹੋਵੇਗਾ, ਪਰ ਬਾਹਰੀ ਸੁਰੱਖਿਆ ਦੀ ਜ਼ਿੰਮੇਵਾਰੀ ਐੱਨ ਐੱਸ ਜੀ ਅਤੇ ਯੂ ਪੀ ਪੁਲਸ ਕੋਲ ਹੈ। ਸੁਰੱਖਿਆ ਅਜਿਹੀ ਕੀਤੀ ਗਈ ਹੈ ਕਿ ਆਕਾਸ਼ ਤੋਂ ਪਾਤਾਲ ਤੱਕ ਪਰਿੰਦਾ ਵੀ ਪਰ ਨਾ ਮਾਰ ਸਕੇ, ਪ੍ਰੰਤੂ ਸੁਰੱਖਿਆ ਏਜੰਸੀਆਂ ਨੂੰ ਇੱਕ ਖਾਸ ਚਿੰਤਾ ਹੈ। ਇਸ ਇਲਾਕੇ ਵਿੱਚ ਬਾਂਦਰਾਂ ਦੀ ਕਾਫੀ ਦਹਿਸ਼ਤ ਹੈ, ਇਸ ਤੋਂ ਸੁਰੱਖਿਆ ਲਈ ਖਾਸ ਤੌਰ ਉਤੇ ਲੰਗੂਰਾਂ ਨੂੰ ਤਾਇਨਾਤ ਕੀਤਾ ਜਾ ਰਿਹਾ ਹੈ, ਤਾਂ ਕਿ ਬਾਂਦਰਾਂ ਦੀ ਦਹਿਸ਼ਤ ਨੂੰ ਰੋਕਿਆ ਜਾ ਸਕੇ। ਅਜਿਹੇ ਪੰਜ ਲੰਗੂਰਾਂ ਦੀ ਤੈਨਾਤੀ ਰਾਸ਼ਟਰਪਤੀ ਟਰੰਪ ਦੇ ਰੂਟ 'ਤੇ ਕੀਤੀ ਜਾ ਰਹੀ ਹੈ।

ਦੂਸਰੇ ਪਾਸੇ ਅਮਰੀਕੀ ਟੀਮ ਸੈਟੇਲਾਈਟ ਤੋਂ ਨਿਗਰਾਨੀ ਕਰੇਗੀ। ਇਸ ਕਾਰਨ ਟਰੰਪ ਜਿੱਥੋਂ ਵੀ ਲੰਘਣਗੇ ਉਥੋਂ ਦੇ ਮੋਬਾਈਲ ਫੋਨ ਆਪਣੇ ਆਪ ਬੰਦ ਹੋਈ ਜਾਣਗੇ। ਪੁਲਸ ਦੇ ਵਾਇਰਲੈਸ ਅਤੇ ਸੀ ਯੂ ਜੀ ਫੋਨਜ਼ ਦੀ ਫ੍ਰੀਕਵੈਂਸੀ ਪਹਿਲਾਂ ਤੋਂ ਦਿੱਤੇ ਜਾਣ ਕਾਰਨ ਉਨ੍ਹਾਂ ਦੇ ਸਾਧਨ ਚਲਦੇ ਰਹਿਣੇਗ। ਟਰੰਪ ਦੇ ਨੇੜੇ ਰਹਿ ਕੇ ਸੁਰੱਖਿਆ ਸੰਭਾਲਣ ਦਾ ਕੰਮ ਅਮਰੀਕੀ ਸੁਰੱਖਿਆ ਏਜੰਸੀਆਂ ਕਰਨਗੀਆਂ। ਯਾਤਰਾ ਦੌਰਾਨ ਟਰੰਪ ਦੀਆਂ ਦੋ ਕਾਰਾਂ ਕਾਫਲੇ ਵਿੱਚ ਹੋਣਗੀਆਂ ਅਤੇ ਉਹ ਕਿਸ ਕਾਰ ਵਿੱਚ ਹੋਣਗੇ, ਇਹ ਕੇਵਲ ਕੁਝ ਹੀ ਲੋਕਾਂ ਨੂੰ ਜਾਣਕਾਰੀ ਹੋਵੇਗੀ। ਇਹ ਕਾਰ ਸਿਰਫ ਅਮਰ ਵਿਲਾਸ ਹੋਟਲ ਤੱਕ ਹੀ ਜਾ ਸਕਦੀ ਹੈ। ਕੋਰਟ ਦੀ ਗਾਈਡੈਂਸ ਦੇ ਕਾਰਨ ਇਸ ਦੇ ਅੱਗੇ 50 ਮੀਟਰ ਤੱਕ ਰਸਤਾ ਬੈਟਰੀ ਵਾਹਨ ਜਾਂ ਗੋਲਫ ਕਾਰ ਨਾਲ ਹੀ ਤੈਅ ਕੀਤਾ ਜਾਏਗਾ। ਅਮਰੀਕੀ ਰਾਸ਼ਟਰਪਤੀ ਦੀ ਯਾਤਰਾ ਮੌਕੇ ਮੁਗਲ ਬਾਦਸ਼ਾਹ ਸ਼ਾਹਜਹਾਂ ਅਤੇ ਮੁਮਤਾਜ ਦੀਆਂ ਕਬਰਾਂ ਦੀ ਪਹਿਲੀ ਵਾਰ ਮਡਪੈਕ ਟ੍ਰੀਟਮੈਂਟ ਨਾਲ ਸਫਾਈ ਕੀਤੀ ਜਾ ਰਹੀ ਹੈ, ਤਾਂ ਕਿ ਉਸ 'ਤੇ ਕੋਈ ਦਾਗ ਨਾ ਦਿਸੇ। ਭਾਰਤੀ ਪੁਰਾਤੱਤਵ ਸਰਵੇਖਣ ਨੇ ਦੋਵਾਂ ਕਬਰਾਂ 'ਤੇ ਮੁਲਤਾਨੀ ਮਿੱਟੀ ਦਾ ਲੇਪ ਲਾ ਕੇ ਗੰਦਗੀ ਤੇ ਦਾਗ ਮਿਟਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਤਾਜ ਮਹਲ ਬਣਨ ਦੇ ਬਾਅਦ ਇਹ ਪਹਿਲਾ ਮੌਕਾ ਹੈ ਕਿ ਏ ਐਸ ਆਈ ਕਬਰਾਂ 'ਤੇ ਮੁਲਤਾਨੀ ਮਿੱਟੀ ਲਗਾ ਕੇ ਮਡਪੈਕ ਟ੍ਰੀਟਮੈਂਟ ਨਾਲ ਸਫਾਈ ਕੰਮ ਕਰਵਾ ਰਿਹਾ ਹੈ।

## ਸਰਕਾਰੀ ਸਕੂਲ ਵਿੱਚ ਮੇਲਾਨੀਆ ਟਰੰਪ ਦੇ ਦੌਰੇ ਲਈ ਕੇਜਰੀਵਾਲ ਨੂੰ ਬਾਹਰ ਰੱਖਿਆ ਗਿਆ

### * ਕਾਂਗਰਸ ਨੇ ਟਰੰਪ ਦੇ ਸਨਮਾਨ ਵਿੱਚ ਡਿਨਰ ਦਾ ਸੱਦਾ ਠੁਕਰਾਇਆ



ਨਵੀਂ ਦਿੱਲੀ, 23 ਫਰਵਰੀ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪਤਨੀ ਮੇਲਾਨੀਆ ਟਰੰਪ ਵੱਲੋਂ ਦਿੱਲੀ ਦੌਰੇ ਦੌਰਾਨ ਇੱਕ ਸਰਕਾਰੀ ਸਕੂਲ ਵਿੱਚ ਜਾਣ ਦੇ ਪ੍ਰੋਗਰਾਮ ਦੌਰਾਨ ਏਥੋਂ ਲੋਕਾਂ ਵੱਲੋਂ ਚੁਣੇ ਹੋਏ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਡਿਪਟੀ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸ਼ਾਮਲ ਨਹੀਂ ਹੋਣਗੇ।

ਇਸ ਸੰਬੰਧ ਵਿੱਚ ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਪ੍ਰੋਗਰਾਮ ਵਿੱਚੋਂ ਬਾਹਰ ਕਰ ਦਿਤਾ ਗਿਆ ਹੈ। ਪਹਿਲਾਂ ਇਸ ਬਾਰੇ ਕਿਹਾ ਗਿਆ ਸੀ ਕਿ 25 ਫਰਵਰੀ ਨੂੰ ਅਮਰੀਕਾ ਦੀ ਫਸਟ ਲੇਡੀ ਮੇਲਾਨੀਆ ਟਰੰਪ ਵੱਲੋਂ ਇੱਕ ਸਰਕਾਰੀ ਸਕੂਲ ਦੇ ਦੌਰੇ ਦੌਰਾਨ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਮੁਨੀਸ਼ ਸਿਸੋਦੀਆ ਉਨ੍ਹਾਂ ਦੇ ਨਾਲ ਰਹਿਣਗੇ। ਜਾਣਕਾਰ ਸੂਤਰਾਂ ਮੁਤਾ-ਬਕ ਕੇਜਰੀਵਾਲ ਤਤੇ ਸਿਸੋਦੀਆ ਨੇ ਇਸ ਮੌਕੇ ਅਮਰੀਕੀ ਫਸਟ ਲੇਡੀ ਨੂੰ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਕੰਮਾਂ ਤੋਂ ਜਾਣੂ ਕਰਾਉਣਾ ਸੀ। ਬਾਅਦ ਵਿੱਚ ਉਨਾਂ ਦਾ ਨਾਂਅ ਕੱਢ ਦਿੱਤਾ ਗਿਆ।

ਇਸ ਬਾਰੇ ਕਾਂਗਰਸ ਨੇਤਾ ਸ਼ਸ਼ੀ ਥਰੂਰ ਨੇ ਕਿਹਾ ਕਿ ਮੋਦੀ ਸਰਕਾਰ ਦਾ ਇਹ ਕਦਮ ਸਹੀ ਨਹੀਂ। ਭਾਜਪਾ ਵੱਲੋਂ ਇਸ ਖਬਰ ਦਾ ਸਪੱਸ਼ਟੀਕਰ ਆਇਆ ਹੈ। ਪਾਰਟੀ ਦੇ ਰਾਸ਼ਟਰੀ ਬੁਲਾਰਾ ਸੰਬਿਤ ਪਾਤਰਾ ਨੇ ਕਿਹਾ ਕਿ ਅਹਿਮ ਮੌਕਿਆਂ ਉੱਤੇ ਸਸਤੀ ਰਾਜਨੀਤੀ ਨਹੀਂ ਹੋਣੀ ਚਾਹੀਦੀ ਹੈ।

ਦੂਸਰੇ ਪਾਸੇ ਕਾਂਗਰਸ ਨੇ ਡੋਨਾਲਡ ਟਰੰਪ ਨੂੰ ਦਿੱਤੇ ਜਾ ਰਹੇ ਡਿਨਰ ਲਈ ਸੱਦਾ ਪ੍ਰਵਾਨ ਕਰਨ ਤੋਂ ਇਸ ਲਈ ਨਾਂਹ ਕਰ ਦਿੱਤੀ ਹੈ ਕਿ ਸੋਨੀਆ ਗਾਂਧੀ ਨੂੰ ਨਹੀਂ ਸੱਦਿਆ ਗਿਆ। ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦਿੱਤੇ ਜਾਣ ਵਾਲੇ ਡਿਨਰ ਲਈ ਵਿਰੋਧੀ ਧਿਰ ਨੂੰ ਸੱਦਾ ਦਿੱਤਾ, ਪਰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਨਹੀਂ ਸੱਦਿਆ। ਕਾਂਗਰਸ ਨੇਤਾ ਅਧੀਰ ਰੰਜਨ ਚੌਧਰੀ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਸਰਕਾਰ ਕੋਲੋਂ ਪੁੱਛਿਆ ਹੈ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਇਸ ਦਾ ਸੱਦਾ ਕਿਉਂ ਨਹੀਂ ਦਿੱਤਾ ਗਿਆ।

ਵਰਨਣ ਯੋਗ ਹੈ ਕਿ ਰਾਸ਼ਟਰਪਤੀ ਰਾਮਨਾਥ ਕੋਵਿੰਦ ਵੱਲੋਂ 25 ਫਰਵਰੀ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਰਾਸ਼ਟਰਪਤੀ ਭਵਨ ਵਿੱਚ ਡਿਨਰ ਦਿੱਤਾ ਜਾਣਾ ਹੈ। ਇਸ ਵਾਸਤੇ ਰਾਸ਼ਟਰਪਤੀ ਕੋਵਿੰਦ ਨੇ ਲੋਕ ਸਭਾ ਵਿਚਲੀ ਵਿਰੋਧੀ ਧਿਰ ਦੀ ਸਭ ਤੋਂ ਵੱਡੀ ਪਾਰਟੀ ਦੇ ਨੇਤਾ ਅਧੀਰ ਰੰਜਨ ਚੌਧਰੀ ਅਤੇ ਰਾਜ ਸਭਾ ਵਿੱਚ ਵਿਰੋਧੀ ਦੇ ਨੇਤਾ ਗੁਲਾਮ ਨਬੀ ਆਜ਼ਾਦ ਨੂੰ ਵੀ ਸੱਦਾ ਦਿੱਤਾ ਸੀ। ਅਮਰੀਕੀ ਰਾਸ਼ਟਰਪਤੀ ਟਰੰਪ 24 ਫਰਵਰੀ ਨੂੰ ਭਾਰਤ ਦੌਰੇ ਉੱਤੇ ਰਹੇ ਹਨ।

## ਹਰਿਆਣਾ ਸਰਕਾਰ ਦੀ ਨਵੀਂ ਸ਼ਰਾਬ ਨੀਤੀ ਨਾਲ ਗੁਆਂਢੀ ਰਾਜਾਂ ਦੇ ਸ਼ਹਿਰ ਕਸੂਤੇ ਫਸੇ



ਚੰਡੀਗੜ੍ਹ, 23 ਫਰਵਰੀ, (ਪੋਸਟ ਬਿਊਰੋ)- ਹਰਿਆਣਾ ਨੇ ਐਕਸਾਈਜ਼ ਨੀਤੀ ਵਿੱਚ ਬਾਰ ਕੱਲਚਰ ਨੂੰ ਉਤਸ਼ਾਹਤ ਕਰ ਕੇ ਕਾਨੂੰਨ ਵਿਵਸਥਾ ਲਈ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਇਸ ਨੀਤੀ ਨਾਲ ਹਰਿਆਣਾ ਦੇ ਤਿੰਨ ਸ਼ਹਿਰਾਂ ਵਿੱਚ ਬੀਅਰ ਬਾਰ, ਡਿਸਕੋ ਅਤੇ ਪੱਬ ਦੇਰ ਰਾਤ ਤਿੰਨ ਵਜੇ ਤਕ ਖੁੱਲ੍ਹੇ ਰਹਿਣਗੇ। ਰਾਜ ਸਰਕਾਰ ਦੇ ਫੈਸਲੇ ਨਾਲ ਚੰਡੀਗੜ੍ਹ ਤੇ ਮੁਹਾਲੀ ਦੇ ਬਹੁਤ ਸਾਰੇ ਡਿਸਕੋ, ਬਾਰ ਤੇ ਪੱਬ ਪੰਚਕੂਲਾ ਵਿੱਚ ਸ਼ਿਫਟ ਹੋਣ ਦੀ ਤਿਆਰੀ ਕਰਨ ਲੱਗੇ ਹਨ।

ਚੰਡੀਗੜ੍ਹ ਵਿੱਚ ਤੜਕੇ ਇੱਕ ਵਜੇ ਤਕ ਹੋਟਲ, ਰੈਸਟੋਰੈਂਟ ਤੇ ਬੀਅਰ ਬਾਰ ਵਿੱਚ ਸ਼ਰਾਬ ਸਰਵ ਕੀਤੀ ਜਾ ਸਕਦੀ ਹੈ। ਏਥੋਂ ਦੀ ਹੋਟਲ ਇੰਡਸਟਰੀ ਨੇ ਵੀ ਪ੍ਰਸ਼ਾਸਨ ਤੋਂ ਹਰਿਆਣਾ ਵਾਂਗ ਰਾਤ 3 ਵਜੇ ਤਕ ਚੰਡੀਗੜ੍ਹ ਵਿੱਚ ਬਾਰ ਖੋਲ੍ਹਣ ਦੀ ਇਜਾਜ਼ਤ ਮੰਗ ਲਈ ਹੈ। ਹਰਿਆਣਾ ਸਰਕਾਰ ਨੇ ਪੰਚਕੂਲਾ, ਫਰੀਦਾਬਾਦ ਅਤੇ ਗੁਰੂਗ੍ਰਾਮ ਵਿੱਚ ਰਾਤ 3 ਵਜੇ ਤੱਕ ਸ਼ਰਾਬ ਸਰਵ ਕਰਨ ਦੀ ਖੁੱਲ੍ਹ ਦੇਣ ਦਾ ਫੈਸਲਾ ਕੀਤਾ ਹੈ। ਆਮ ਤੌਰ ਉੱਤੇ ਇਹ ਇਜਾਜ਼ਤ ਰਾਤ ਇੱਕ ਵਜੇ ਤੱਕ ਰਹੇਗੀ, ਪਰ ਸਾਲਾਨਾ 10 ਲੱਖ ਰੁਪਏ ਪ੍ਰਤੀ ਘੰਟਾ ਵਾਧੂ ਫੀਸ ਦੇ ਕੇ ਇਸ ਨੂੰ ਦੋ ਘੰਟੇ ਵਧਾਇਆ ਜਾ ਸਕਦਾ ਹੈ। ਇਸ ਸਥਿਤੀ ਵਿੱਚ ਕੋਈ ਵੀ ਡਿਸਕੋ ਪੱਬ ਅਤੇ ਬੀਅਰ ਬਾਰ ਰਾਤ 3 ਵਜੇ ਤੱਕ ਸ਼ਰਾਬ ਸਰਵ ਕਰ ਸਕੇਗਾ। ਹਰਿਆਣਾ ਸਰਕਾਰ ਨੇ ਨਵੀਂ ਨੀਤੀ ਵਿੱਚ ਲਾਇਸੈਂਸ ਫੀਸ ਵਿੱਚ ਵੀ ਕਮੀ ਕੀਤੀ ਅਤੇ ਫਾਈਵ ਸਟਾਰ ਹੋਟਲਾਂ ਵਿੱਚ ਲਾਇਸੈਂਸ ਫੀਸ 45 ਲੱਖ ਰੁਪਏ ਸਾਲਾਨਾ ਤੋਂ ਘਟਾ ਕੇ 25 ਲੱਖ ਰੁਪਏ, ਫੋਰ ਸਟਾਰ ਹੋਟਲਾਂ ਦੀ ਲਾਇਸੈਂਸ ਫੀਸ 38 ਲੱਖ ਰੁਪਏ ਤੋਂ ਘਟਾ ਕੇ 22 ਲੱਖ ਅਤੇ ਥ੍ਰੀ ਸਟਾਰ ਹੋਟਲਾਂ ਦੀ ਲਾਇਸੈਂਸ ਫੀਸ 20 ਲੱਖ ਤੋਂ ਘਟਾ ਕੇ 15 ਲੱਖ ਕਰ ਦਿੱਤੀ ਹੈ।

## ਦੇਸ਼-ਧ੍ਰੋਹ ਦੇ ਕੇਸ ਵਿਰੁੱਧ ਕਰਨਾਟਕ ਦਾ ਸਕੂਲ ਸੁਪਰੀਮ ਕੋਰਟ ਪੁੱਜਾ

ਨਵੀਂ ਦਿੱਲੀ, 23 ਫਰਵਰੀ (ਪੋਸਟ ਬਿਊਰੋ)- ਕਰਨਾਟਕ ਵਿੱਚ ਇੱਕ ਸਕੂਲ ਦੇ ਪ੍ਰਬੰਧਕਾਂ ਵੱਲੋਂ ਬੱਚਿਆਂ ਨੂੰ ਸੀ ਏ ਏ (ਨਾਗਕਿਤਾ ਸੋਧ ਕਾਨੂੰਨ) ਅਤੇ ਐਨ ਆਰ ਸੀ ਵਿਰੁੱਧ ਡਰਾਮਾ ਖੇਡਣ ਦੀ ਇਜ਼ਾਜਤ ਦੇਣ 'ਤੇ ਦਰਜ ਦੇਸ਼-ਧ੍ਰੋਹ ਦੇ ਕੇਸ ਬਣਾਉਣ ਦੇ ਵਿਰੁੱਧ ਸਕੂਲ ਪ੍ਰਬੰਧਕਾਂ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਇਸ ਡਰਾਮੇ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਿਰਦਾਰ ਨੂੰ ਕਥਿਤ ਤੌਰ 'ਤੇ ਘਟੀਆ ਤਰੀਕੇ ਨਾਲ ਪੇਸ਼ ਕੀਤਾ ਗਿਆ ਸੀ। ਇਸ ਪਟੀਸ਼ਨ ਵਿੱਚ ਪ੍ਰਿੰਸੀਪਲ ਤੇ ਹੋਰਨਾਂ ਵਿਰੁੱਧ ਦਰਜ ਕੇਸ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਵਰਨਣ ਯੋਗ ਹੈ ਕਿ ਕਰਨਾਟਕ ਦੇ ਬਿਦਰ ਜ਼ਿਲੇ ਵਿਚਲੇ ਸ਼ਾਹੀਨ ਸਕੂਲ ਵਿੱਚ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਅਤੇ ਕੌਮੀ ਨਾਗਰਿਕਤਾ ਰਜਿਸਟਰ (ਐਨ ਆਰ ਸੀ) ਵਿਰੁੱਧ ਡਰਾਮਾ ਖੇਡਣ ਦੇ ਦੋਸ਼ ਵਿੱਚ ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ ਮੈਂਬਰਾਂ ਵਿਰੁੱਧ ਸੰਵਿਧਾਨ ਦੀ ਧਾਰਾ 124 ਏ (ਦੇਸ਼ ਧ੍ਰੋਹ) ਅਤੇ 153 ਦਾ ਕੇਸ ਦਰਜ ਕੀਤਾ ਗਿਆ ਹੈ।

### ਸ੍ਰੀ ਰਾਮ ਸੈਨਾ ਦਾ ਐਲਾਨ

## ਜੇਲ੍ਹ ਤੋਂ ਨਿਕਲਦੇ ਸਾਰ ਅਮੁੱਲਿਆ ਲਿਓਨ ਦਾ ਐਨਕਾਊਂਟਰ ਕਰ ਦੇਵਾਂਗੇ



ਨਵੀਂ ਦਿੱਲੀ, 23 ਫਰਵਰੀ, (ਪੋਸਟ ਬਿਊਰੋ)- ਪਾਰਲੀਮੈਂਟ ਮੈਂਬਰ ਅਸਦੁਦੀਨ ਓਵੈਸੀ ਦੀ ਸਟੇਜ ਉੱਤੋਂ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਣ ਵਾਲੀ ਕਰਨਾਟਕ ਦੀ ਅਮੁੱਲਿਆ ਲਿਓਨ ਦੀਆਂ ਮੁਸੀਬਤਾਂ ਹੋਰ ਵਧ ਰਹੀਆਂ ਹਨ। ਇੱਕ ਸ੍ਰੀ ਰਾਮ ਸੈਨਾ ਨੇ ਉਸ ਦੇ ਸਿਰ ਉੱਤੇ 10 ਲੱਖ ਰੁਪਏ ਦਾ ਇਨਾਮ ਐਲਾਨ ਕੀਤਾ ਹੈ। ਸ੍ਰੀ ਰਾਮ ਸੈਨਾ ਨਾਲ ਜੁੜੇ ਸੰਜੀਵ ਮਰਾਂਡੀ ਨੇ 22 ਫਰਵਰੀ ਨੂੰ ਇਹ ਐਲਾਨ ਕੀਤਾ ਕਿ ਅਮੁੱਲਿਆ ਲਿਓਨ ਨੂੰ ਜੇ ਜ਼ਮਾਨਤ ਦਿੱਤੀ ਗਈ ਤਾਂ ਜੇਲ੍ਹ ਤੋਂ ਬਾਹਰ ਆਉਂਦਿਆਂ ਸਾਰ ਉਸ ਦਾ ਐਨਕਾਊਂਟਰ ਕਰ ਦਿੱਤਾ ਜਾਵੇਗਾ।

ਵਰਨਣ ਯੋਗ ਹੈ ਕਿ ਅਮੁੱਲਿਆ ਲਿਓਨ ਨਾਂਅ ਦੀ ਇੱਕ ਕੁੜੀ ਨੇ ਬੈਂਗਲੁਰੂ ਵਿੱਚ ਪਾਰਲੀਮੈਂਟ ਮੈਂਬਰ ਅਸਦੁਦੀਨ ਓਵੈਸੀ ਵੱਲੋਂ ਕੀਤੀ ਨਾਗਰਿਕਤਾ ਸੋਧ ਕਾਨੂੰਨ ਵਿਰੋਧੀ ਰੈਲੀ ਦੇ ਮੰਚ ਤੋਂ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ ਸਨ। ਮੰਚ ਉੱਤੇ ਏ ਆਈ ਐੱਮ ਆਈ ਐੱਮ ਦੇ ਆਗੂ ਅਸਦੁਦੀਨ ਓਵੈਸੀ ਨੇ ਇਸ ਦਾ ਵਿਰੋਧ ਕੀਤਾ ਸੀ। ਇਸ ਤੋਂ ਬਾਅਦ ਅਮੁੱਲਿਆ ਲਿਓਨ ਉੱਤੇ ਦੇਸ਼ ਧ੍ਰੋਹ ਦਾ ਕੇਸ ਦਰਜ ਕਰ ਕੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ। ਇਸ ਪਿੱਛੋਂ ਕਈ ਹਿੰਦੂ ਸੰਗਠਨ ਅਮੁੱਲਿਆ ਲਿਓਨ ਦੇ ਵਿਰੋਧ ਵਿੱਚ ਉਤਰ ਆਏ ਹਨ। ਪੁਲਿਸ ਅਧਿਕਾਰੀ ਅਜਿਹੀ ਕਿਸੇ ਧਮਕੀ ਦੀ ਸੂਚਨਾ ਤੋਂ ਇਨਕਾਰ ਕਰਦੇ ਹਨ। ਦੱਸਿਆ ਗਿਆ ਹੈ ਕਿ ਸੀ ਰਾਮ ਸੈਨਾ ਦੀ ਧਮਕੀ ਭਰੀ ਵੀਡੀਓ ਸਾਹਮਣੇ ਆਈ ਹੈ, ਪਰ ਪੁਲਿਸ ਇਸ ਤੋਂ ਇਨਕਾਰ ਕਰ ਰਹੀ ਹੈ। ਇਸ ਵੀਡੀਓ ਵਿੱਚ ਸੰਜੀਵ ਮਰਾਂਡੀ ਸਰਕਾਰ ਨੂੰ ਚਿਤਾਵਨੀ ਦੇਂਦਾ ਹੈ ਕਿ ਅਮੁੱਲਿਆ ਲਿਓਨ ਨੂੰ ਰਿਹਾਅ ਨਾ ਕੀਤਾ ਜਾਵੇ, ਜੇ ਕੀਤਾ ਗਿਆ ਤਾਂ ਉਸ ਦੀ ਹੱਤਿਆ ਕਰ ਦਿੱਤੀ ਜਾਵੇਗੀ।

## ਵਿਆਹ ਦੇ ਕਾਰਡਾਂ ਵਿੱਚ ਲੁਕਾ ਕੇ ਆਸਟਰੇਲੀਆ ਨੂੰ ਭੇਜੀ ਡਰੱਗ ਫੜੀ ਗਈ



ਮੁੰਬਈ, 23 ਫਰਵਰੀ, (ਪੋਸਟ ਬਿਊਰੋ)- ਬੰਗਲੁਰੂ ਦੇ ਕੇਮਪੇਗੌੜਾ ਕੌਮਾਂਤਰੀ ਹਵਾਈ ਅੱਡੇ ਉੱਤੇ ਲਗਭਗ 5 ਕਿਲੋ ਡਰੱਗਜ਼ ਮਿਲੀ ਹੈ। ਇਸ ਨਸ਼ੇ ਦੀ ਕੀਮਤ ਅੰਤਰਰਾਸ਼ਟਰੀ ਬਾਜ਼ਾਰ ਵਿੱਚ 5 ਕਰੋੜ ਰੁਪਏ ਹੈ। ਏਅਰਪੋਰਟ ਦੇ ਕਾਰਗੋ ਕੰਪਲੈਕਸ ਵਿੱਚ ਜਾਂਚ ਦੌਰਾਨ ਕਸਟਮ ਵਿਭਾਗ ਨੂੰ ਵਿਆਹ ਦੇ ਕਾਰਡਾਂ ਵਿੱਚੋਂ ਇਹ ਡਰੱਗਜ਼ ਮਿਲੀ ਹੈ।

ਪਤਾ ਲੱਗਾ ਹੈ ਕਿ ਕਸਟਮ ਵਿਭਾਗ ਨੂੰ ਵਿਆਹ ਦੇ ਕਾਰਡ ਦੀ ਪੈਕਿੰਗ ਤੇ ਕਾਰਡ ਸ਼ੱਕੀ ਲੱਗਦਾ ਸੀ, ਜਿਸ ਕਾਰਨ ਇਹ ਪਾਰਸਲ ਖੋਲ੍ਹਿਆ ਗਿਆ। ਆਮ ਵਿਆਹ ਵਾਲੇ ਇਸ ਕਾਰਡ ਇਸ ਦੇ ਅੰਦਰ 2 ਸੱਦਾ ਪੱਤਰ ਸਨ। ਇਸ ਨੂੰ ਕੱਢਣ ਪਿੱਛੋਂ ਵੀ ਕਾਰਡ ਭਾਰਾ ਜਾਪਦਾ ਸੀ। ਜਦੋਂ ਕਾਰਡ ਖੋਲ੍ਹਿਆ ਤਾਂ ਇਸ ਦੇ ਅੰਦਰ ਡਰੱਗ ਪਈ ਮਿਲੀ। ਡਰੱਗ ਨੂੰ ਕਾਰਡ ਦੇ ਵਿਚਕਾਰ ਚਪਟਾ ਕਰਕੇ ਛੁਪਾਇਆ ਗਿਆ ਸੀ। ਪਾਰਸਲ ਵਿੱਚੋਂ ਕੁੱਲ 43 ਕਾਰਡ ਨਿਕਲੇ। ਵਿਆਹ ਦੇ ਇੱਕ ਕਾਰਡ ਦਾ ਭਾਰ 120 ਗ੍ਰਾਮ ਨਿਕਲਿਆ। ਜਾਂਚ ਤੋਂ ਪਤਾ ਲੱਗਾ ਕਿ ਮਦੁਰਈ ਦੇ ਇੱਕ ਵਪਾਰੀ ਨੇ ਆਸਟਰੇਲੀਆ ਭੇਜਣ ਲਈ ਇਹ ਪਾਰਸਲ ਬੁੱਕ ਕੀਤਾ ਸੀ। ਕਸਟਮ ਵਿਭਾਗ ਉਸ ਵਪਾਰੀ ਦੀ ਭਾਲ ਕਰ ਰਿਹਾ ਹੈ ਜਿਸ ਨੇ ਪਾਰਸਲ ਨੂੰ ਆਸਟਰੇਲੀਆ ਭੇਜਿਆ ਸੀ। ਉਸ ਵਿਅਕਤੀ ਦੀ ਭਾਲ ਵੀ ਹੋ ਰਹੀ ਹੈ ਜਿਸ ਦੇ ਨਾਮ ਉੱਤੇ ਇਹ ਡਰੱਗਜ਼ ਆਸਟਰੇਲੀਆ ਭੇਜੀ ਗਈ ਸੀ। ਇਸ ਗੱਲ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਇਸ ਖੁਫੀਆ ਢੰਗ ਨਾਲ ਪਹਿਲਾਂ ਕਿੰਨੀ ਵਾਰ ਨਸ਼ਿਆਂ ਦੀ ਤਸਕਰੀ ਕੀਤੀ ਜਾ ਚੁਕੀ ਹੈ। ਐਫੇਡਰਿਨ ਨਾਮ ਦਾ ਡਰੱਗ ਐੱਨ ਡੀ ਪੀ ਐੱਸ ਐਕਟ ਹੇਠ ਪਾਬੰਦੀ ਸ਼ੁਦਾ ਹੈ। ਬੀਤੀ 18 ਫਰਵਰੀ ਨੂੰ ਵੀ ਕਸਟਮ ਵਿਭਾਗ ਨੇ ਬੰਗਲੌਰ ਏਅਰਪੋਰਟ ਤੋਂ ਅੰਤਰਰਾਸ਼ਟਰੀ ਮਾਰਕੀਟ ਵਿੱਚ 5 ਕਰੋੜ ਰੁਪਏ ਦੀ ਕੀਮਤ ਵਾਲੀ ਪਾਬੰਦੀਸ਼ੁਦਾ ਡਰੱਗਜ਼ ਬਰਾਮਦ ਕੀਤੀ ਸੀ।

## ਪਾਰਲੀਮੈਂਟ ਮੈਂਬਰਾਂ ਨੇ ਨਰਿੰਦਰ ਮੋਦੀ ਵਾਲੀ 'ਐੱਮ ਪੀ ਆਦਰਸ਼ ਗ੍ਰਾਮ ਯੋਜਨਾ' ਨੂੰ ਮੰਨਿਆ ਹੀ ਨਹੀਂ

### * ਅੱਧੇ ਐੱਮ ਪੀਜ਼ ਨੇ ਯੋਜਨਾ ਉੱਤੇ ਅਮਲ ਨਹੀਂ ਕੀਤਾ



ਨਵੀਂ ਦਿੱਲੀ, 23 ਫਰਵਰੀ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵੱਡੀਆਂ ਖਾਹਿਸ਼ਾਂ ਵਾਲੀ 'ਐੱਮ ਪੀ ਆਦਰਸ਼ ਗ੍ਰਾਮ ਯੋਜਨਾ' (ਐੱਸ ਏ ਜੀ ਵਾਈ) ਨੂੰ ਇਸ ਲਈ ਝਟਕਾ ਲੱਗਾ ਹੈ ਇਸ ਸਰਕਾਰ ਦੇ ਦੂਜੇ ਕਾਰਜਕਾਲ ਵਿੱਚ ਕਰੀਬ ਅੱਧੇ ਪਾਰਲੀਮੈਂਟ ਮੈਂਬਰਾਂ ਨੇ ਹਾਲੇ ਤਕ 2019-24 ਵਿੱਚ ਯੋਜਨਾ ਹੇਠ ਕਿਸੇ ਪਿੰਡ ਨੂੰ ਗੋਦ ਨਹੀਂ ਲਿਆ। ਯੋਜਨਾ ਦੇ ਪਹਿਲੇ ਪੜਾਅ ਵਿੱਚ ਪਾਰਲੀਮੈਂਟ ਮੈਂਬਰਾਂ ਨੇ ਕਾਫੀ ਦਿਲਚਸਪੀ ਦਿਖਾਈ ਸੀ। ਪਿੱਛੋਂ ਪਾਰਲੀਮੈਂਟ ਮੈਂਬਰਾਂ ਨੇ ਇਸ ਦੇ ਲਈ ਕਿਸੇ ਤਰ੍ਹਾਂ ਦੀ ਖਾਸ ਦਿਲਚਸਪੀ ਨਹੀਂ ਦਿਖਾਈ। ਪਾਰਲੀਮੈਂਟ ਮੈਂਬਰਾਂ ਦੀ ਲਾਪਰਵਾਹੀ ਦੇਖ ਕੇ ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਨੇ ਮੈਂਬਰਾਂ ਨੂੰ ਚੁਤਰਫਾ ਵਿਕਾਸ ਦੇ ਲਈ ਪਿੰਡਾਂ ਨੂੰ ਗੋਦ ਲੈਣ ਬਾਰੇ ਕਿਹਾ ਸੀ। ਪਿਛਲੇ ਸਾਲ 19-20 ਦਸੰਬਰ ਨੂੰ ਹੋਈ ਬੈਠਕ ਵਿੱਚ ਪੇਂਡੂ ਵਿਕਾਸ ਮੰਤਰਾਲੇ ਨੇ ਵੇਖਿਆ ਕਿ ਮੋਦੀ ਸਰਕਾਰ ਦੇ ਦੂਜੇ ਰਾਜ ਵਿੱਚ ਪਾਰਲੀਮੈਂਟ ਮੈਂਬਰਾਂ ਨੇ ਸਿਰਫ਼ 250 ਪਿੰਡ ਗੋਦ ਲਏ ਹਨ। ਮੈਂਬਰਾਂ ਦਾ ਇਹ ਵਿਹਾਰ ਦੇਖ ਕੇ ਪੇਂਡੂ ਮੰਤਰਾਲੇ ਨੇ ਪਹਿਲਾਂ 11 ਜੁਲਾਈ ਅਤੇ ਫਿਰ ਅੱਠ ਅਕਤੂਬਰ 2019 ਨੂੰ ਪੱਤਰ ਲਿਖਿਆ ਸੀ। ਇਸ ਮੰਤਰਾਲੇ ਦੇ ਸੂਤਰਾਂ ਦੇ ਮੁਤਾਬਕ ਇਸ ਨਾਲ ਪਾਰਲੀਮੈਂਟ ਮੈਂਬਰ ਵਿਚਾਰ ਕਰਨ ਉੱਤੇ ਮਜਬੂਰ ਹੋਏ ਤੇ ਕਰੀਬ 300 ਮੈਂਬਰਾਂ ਨੇ ਪਿੰਡ ਗੋਦ ਲਏ ਗਏ। ਲੋਕ ਸਭਾ ਅਤੇ ਰਾਜ ਸਭਾ ਦੇ ਪਾਰਲੀਮੈਂਟ ਮੈਂਬਰਾਂ ਦੀ ਕੁਲ ਗਿਣਤੀ 788 ਹੈ।

## ਬਿਸ਼ਪ ਫ੍ਰੈਂਕੋ ਮੁਲੱਕਲ ਉੱਤੇ ਇੱਕ ਹੋਰ ਨੰਨ ਵੱਲੋਂ ਸੈਕਸ ਸ਼ੋਸ਼ਣ ਦੇ ਦੋਸ਼

ਤਿਰੂਵਨੰਤਪੁਰਮ, 23 ਫਰਵਰੀ, (ਪੋਸਟ ਬਿਊਰੋ)- ਪਹਿਲਾਂ ਤੋਂ ਬਲਾਤਕਾਰ ਦੇ ਦੋਸ਼ਾਂ ਵਿਚਾਲੇ ਘਿਰੇ ਹੋਏ ਬਿਸ਼ਪ ਫ੍ਰੈਂਕੋ ਮੁਲੱਕਲ ਦੀ ਡਿਸਚਾਰਜ ਪਟੀਸ਼ਨ ਉੱਤੇ ਸੁਣਵਾਈ ਹੋਣ ਤੋਂ ਇੱਕ ਦਿਨ ਪਹਿਲਾਂ ਇੱਕ ਹੋਰ ਨੰਨ ਦਾ ਬਿਆਨ ਵੀ ਲੀਕ ਹੋ ਗਿਆ ਹੈ। ਇਸ ਨੰਨ ਨੇ ਵੀ ਮੁਲੱਕਲ ਉੱਤੇ ਸੈਕਸ ਸ਼ੋਸ਼ਣ ਦਾ ਦੋਸ਼ ਲਾਇਆ ਹੈ।

ਪੁਲਿਸ ਸੂਤਰਾਂ ਮੁਤਾਬਕ ਇੱਕ ਹੋਰ ਨੰਨ ਨੇ ਬਿਸ਼ਪ ਮੁਲੱਕਲ ਦੇ ਵਿਰੁੱਧ ਸੈਕਸ ਸ਼ੋਸ਼ਣ ਕਰਨ ਦਾ ਬਿਆਨ ਦਿੱਤਾ ਹੈ। ਬਿਸ਼ਪ ਮੁਲੱਕਲ ਦੇ ਖਿਲਾਫ ਬਲਾਤਕਾਰ ਕੇਸ ਵਿੱਚ ਉਹ 14ਵੀਂ ਗਵਾਹ ਹੈ ਤੇ ਉਸ ਦਾ ਇਹ ਖੁਲਾਸਾ ਉਸੇ ਕੇਸ ਨਾਲ ਸਬੰਧਤ ਬਿਆਨਾਂ ਦਾ ਹਿੱਸਾ ਸੀ, ਜਿਹੜਾ ਪੁਲਿਸ ਨੇ 2018 ਵਿੱਚ ਬਿਸ਼ਪ ਮੁਲੱਕਲ ਦੇ ਖਿਲਾਫ਼ ਦਰਜ ਕੀਤਾ ਸੀ। ਉਸ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਬਿਸ਼ਪ ਨੇ ਉਸ ਨਾਲ ਫੋਨ ਉੱਤੇ ਅਸ਼ਲੀਲ ਟਿੱਪਣੀਆਂ ਕੀਤੀਆਂ ਸਨ। ਇਸ ਨੰਨ ਦੇ ਦੱਸਣ ਅਨੁਸਾਰ ਉਹ 2015 ਤੋਂ 2017 ਲਗਾਤਾਰ ਦੋ ਸਾਲ ਫੋਨ ਕਾਲਾਂ, ਚੈਟ ਅਤੇ ਵੀਡੀਓ ਕਾਲਾਂ ਰਾਹੀਂ ਸੰਪਰਕ ਵਿੱਚ ਰਹੇ ਸਨ। ਨੰਨ ਨੇ ਕਿਹਾ ਕਿ ਉਹ ਬਿਸ਼ਪ ਦੇ ਡਰ ਕਾਰਨ ਚੁੱਪ ਰਹੀ। ਸਤੰਬਰ 2018 ਵਿੱਚ ਗਵਾਹ ਵਜੋਂ ਦਿੱਤੇ ਬਿਆਨ ਵਿੱਚ ਉਸ ਨੇ ਕਿਹਾ ਕਿ 2017 ਵਿੱਚ ਬਿਸ਼ਪ ਨੇ ਉਸ ਕੌਨਵੈਂਟ ਦਾ ਦੌਰਾ ਕੀਤਾ, ਜਿਸ ਵਿੱਚ ਉਹ ਹਾਜ਼ਰ ਸੀ ਤੇ ਬਿਸ਼ਪ ਨੇ ਉਸ ਨੂੰ ਗਲੇ ਲਾ ਕੇ ਚੁੰਮਿਆ ਸੀ। ਪੁਲਿਸ ਦਾ ਕਹਿਣਾ ਹੈ ਕਿ ਨੰਗ ਇਸ ਬਿਸ਼ਪ ਦੇ ਖਿਲਾਫ ਸ਼ਿਕਾਇਤ ਕਰਨ ਲਈ ਤਿਆਰ ਨਹੀਂ ਸੀ। ਜਦੋਂ ਪੁਲਸ ਟੀਮ ਇਸ ਗਵਾਹ ਨੂੰ ਮਿਲੀ ਤਾਂ ਉਸ ਨੇ ਸ਼ਿਕਾਇਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਲਈ ਬਿਸ਼ਪ ਫ੍ਰੈਂਕੋ ਮੁਲੱਕਲ ਦੇ ਖਿਲਾਫ ਵੱਖਰਾ ਕੇਸ ਦਰਜ ਨਹੀਂ ਕੀਤਾ ਗਿਆ। ਵਰਨਣ ਯੋਗ ਹੈ ਕਿ ਮਿਸ਼ਨਰੀ ਆਫ ਜੀਸਸ ਦੀ ਪਹਿਲੀ ਨੰਨ ਨੇ ਬਿਸ਼ਪ ਫ੍ਰੈਂਕੋ ਮੁਲੱਕਲ ਦੇ ਖਿਲਾਫ ਕੋਟਾਯਾਮ ਦੇ ਕੁਰੂਵਿਲੰਗਾਦੂ ਕੌਨਵੈਂਟ ਵਿਖੇ ਉਸ ਨਾਲ ਕਈ ਵਾਰ ਬਲਾਤਕਾਰ ਕਰਨ ਦਾ ਦੋਸ਼ ਲਾਇਆ ਸੀ।

## ਮੁੰਡਿਆਂ ਨਾਲ ਪ੍ਰੈਕਟਿਸ ਕਰਨ ਉੱਤੇ ਕੁੱਟ ਪੈਂਦੀ ਸੀ: ਗੁਰਸ਼ਰਨ

ਨਵੀਂ ਦਿੱਲੀ, 23 ਫਰਵਰੀ (ਪੋਸਟ ਬਿਊਰੋ)- ਭਾਰਤੀ ਮਹਿਲਾ ਭਲਵਾਨ ਗੁਰਸ਼ਰਨਪ੍ਰੀਤ ਕੌਰ (72 ਕਿਲੋ-ਗਰਾਮ) ਨੇ 37 ਸਾਲ ਦੀ ਉਮਰ ਵਿੱਚ ਕੁਸ਼ਤੀ 'ਚ ਅੱਠ ਸਾਲ ਬਾਅਦ ਵਾਪਸੀ ਕਰ ਕੇ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਸ਼ੁੱਕਰਵਾਰ ਨੂੰ ਕਾਂਸੇ ਦਾ ਮੈਡਲ ਜਿੱਤਿਆ ਅਤੇ ਭਾਰਤ ਦਾ ਨਾਂਅ ਰੋਸ਼ਨ ਕੀਤਾ ਸੀ। ਪੰਜਾਬ ਦੇ ਤਰਨ ਤਾਰਨ ਦੀ ਰਹਿਣ ਵਾਲੀ ਗੁਰਸ਼ਰਨਪ੍ਰੀਤ ਨੇ ਦੱਸਿਆ ਹੈ ਕਿ 2013 ਵਿੱਚ ਮੇਰਾ ਵਿਆਹ ਹੋ ਗਿਆ ਸੀ। ਮੇਰੇ ਪਤੀ ਮੈਨੂੰ ਖੇਡਣ ਨਹੀਂ ਦਿੰਦੇ ਸਨ ਅਤੇ ਮੁੰਡਿਆਂ ਨਾਲ ਕੁਸ਼ਤੀ ਨਹੀਂ ਕਰਨ ਦਿੰਦੇ ਸਨ। ਜਦ ਮੈਂ ਮੁੰਡਿਆਂ ਨਾਲ ਪ੍ਰੈਕਟਿਸ ਕਰਦੀ ਤਾਂ ਉਹ ਮੈਨੂੰ ਬਹੁਤ ਮਾਰਦੇ ਸਨ। ਮੈਂ ਇੱਕ ਧੀ ਦੀ ਮਾਂ ਬਣੀ, ਪਰ ਮੇਰੇ ਪਤੀ ਲੜਕੀ ਨਹੀਂ ਚਾਹੁੰਦੇ ਸਨ। ਮੈਂ ਮਾਂ ਸੀ ਤਾਂ ਮੈਂ ਉਸ ਨੂੰ ਮਰਨ ਨਹੀਂ ਦੇ ਸਕਦੀ ਸੀ। ਮੇਰੇ ਪਤੀ ਨੇ ਕਿਹਾ ਕਿ ਤੈਨੂੰ ਮੇਰੇ ਤੇ ਧੀ 'ਚੋਂ ਕਿਸੇ ਇੱਕ ਨੂੰ ਚੁਣਨਾ ਪਵੇਗਾ ਤਾਂ ਮੈਂ ਉਸੇ ਸਮੇਂ ਆਪਣੀ ਧੀ ਨੂੰ ਚੁਣ ਲਿਆ। ਮੇਰੀ ਧੀ ਤਿੰਨ ਸਾਲ ਦੀ ਹੈ।

## ਮੋਟੇਰਾ ਸਟੇਡੀਅਮ ਅੱਗੇ ਟਰੰਪ ਦੇ ਸਵਾਗਤ ਲਈ ਬਣਾਇਆ ਗੇਟ ਤੇਜ਼ ਹਵਾ ਨਾਲ ਡਿੱਗਿਆ


ਅਹਿਮਦਾਬਾਦ, 23 ਫਰਵਰੀ, (ਪੋਸਟ ਬਿਊਰੋ)- ਮੋਟੇਰਾ ਖੇਤਰ ਵਿਚ ਨਵੇਂ ਬਣੇ ਕ੍ਰਿਕਟ ਸਟੇਡੀਅਮ ਮੂਹਰੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਵਾਗਤ ਕਰਨ ਲਈ ਬਣਾਇਆ ਗਿਆ ਅਸਥਾਈ ਵੀ ਵੀ ਆਈ ਪੀ ਗੇਟ ਉਨ੍ਹਾ ਦੇ ਅਹਿ-ਮਦਾਬਾਦ ਦੌਰੇ ਤੋਂ ਇਕ ਦਿਨ ਪਹਿਲਾਂ ਅੱਜ ਸਵੇਰੇ ਤੂਫਾਨੀ ਹਵਾਵਾਂ ਨਾਲ ਹੇਠਾਂ ਡਿੱਗ ਗਿਆ।




ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੇ ਜਾ ਰਹੇ 'ਨਮਸਤੇ ਟਰੰਪ' ਸਮਾਗਮ ਵਿੱਚ ਸ਼ਾਮਲ ਹੋਣ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਭਾਰਤ ਦੌਰੇ ਉੱਤੇ ਆ ਰਹੇ ਹਨ। ਇਸ ਦੌਰੇ ਦੌਰਾਨ ਡੋਨਾਲਡ ਟਰੰਪ ਨੇ ਅਹਿ-ਮਦਾਬਾਦ ਵਿਖੇ ਬਣੇ ਮੋਟੇਰਾ ਸਟੇਡੀਅਮ ਦੇ ਜਿਸ ਸਜਾਵਟੀ ਗੇਟ ਵਿੱਚੋਂ ਅੰਦਰ ਜਾਣਾ ਸੀ, ਉਹ ਤੇਜ਼ ਹਵਾ ਨਾਲ ਅੱਜ ਸਵੇਰੇ ਹੇਠਾਂ ਡਿੱਗ ਪਿਆ। ਅਹਿਮਦਾਬਾਦ ਵਿੱਚ ਬਣੇ ਦੁਨੀਆ ਦੇ ਸਭ ਤੋਂ ਵੱਡੇ ਕ੍ਰਿਕਟ ਸਟੇਡੀਅਮ ਵਿੱਚ ਸੋਮਵਾਰ ਨੂੰ 'ਨਮਸਤੇ ਟਰੰਪ' ਸਮਾਰੋਹ ਹੋਣਾ ਹੈ, ਜਿਸ ਵਿੱਚ ਸਵਾ ਲੱਖ ਤੋਂ ਵੱਧ ਲੋਕ ਆ ਸਕਦੇ ਹਨ ਤੇ ਲੱਖਾਂ ਲੋਕ ਉਨ੍ਹਾਂ ਦੇ ਰੋਡ ਸ਼ੋਅ ਵਿੱਚ ਸ਼ਾਮਲ ਹੋਣਗੇ। ਸਮਾਗਮ ਤੋਂ ਪਹਿਲਾਂ ਗੇਟ ਨੰਬਰ ਤਿੰਨ ਉੱਤੇ ਬਣਿਆ ਸਜਾਵਟੀ ਗੇਟ ਡਿੱਗਣ ਨਾਲ ਕਿਸੇ ਦੇ ਜ਼ਖਮੀ ਹੋਣ ਜਾਂ ਕਿਸੇ ਨੁਕਸਾਨ ਦੀ ਖਬਰ ਨਹੀਂ, ਪਰ ਸਮਾਰੋਹ ਦੀਆਂ ਤਿਆਰੀਆਂ ਅਤੇ ਸੁਰੱਖਿਆ ਪ੍ਰਬੰਧਾਂ ਦੀ ਪੋਲ ਖੁੱਲ੍ਹ ਗਈ ਹੈ। ਕਈ ਦਿਨਾਂ ਤੋਂ ਏਅਰਪੋਰਟ ਤੋਂ ਲੈ ਕੇ ਸਟੇਡੀਅਮ ਤੱਕ ਸੁਰੱਖਿਆ ਲਈ ਵੱਡੇ ਦਾਅਵੇ ਕੀਤੇ ਜਾ ਰਹੇ ਸਨ, ਪਰ ਦੁਨੀਆ ਦੇ ਦੋ ਵੱਡੇ ਨੇਤਾ ਜਿਸ ਗੇਟ ਤੋਂ ਲੰਘਣੇ ਸਨ, ਉਸ ਦੀ ਸਹੀ ਜਾਂਚ ਨਹੀਂ ਕੀਤੀ ਗਈ। ਸਟੇਡੀਅਮ ਨੂੰ ਬਿਲਡਿੰਗ ਯੂਜ਼ ਪਰਮਿਸ਼ਨ ਉੱਤੇ ਫਾਇਰ ਸੇਫਟੀ ਦਾ ਸਰਟੀਫਿਕੇਟ ਮਿਲ ਚੁੱਕਾ ਹੈ, ਪਰ ਸਟੇਡੀਅਮ ਦੇ ਬਾਹਰ ਬਣਾਏ ਸਜਾਵਟੀ ਗੇਟ ਨੂੰ ਖੜ੍ਹਾ ਕਰਨ ਵਿੱਚ ਜਿਵੇਂ ਲਾਪਰਵਾਹੀ ਹੋਈ ਹੈ, ਉਸ ਦਾ ਜ਼ਿੰਮੇਵਾਰ ਨਹੀਂ ਕਿਸੇ ਨੂੰ ਕਿਹਾ ਜਾ ਰਿਹਾ। ਪੁਲਸ ਅਤੇ ਮਹਾ ਨਗਰ ਪਾਲਿਕਾ ਦੇ ਅਧਿਕਾਰੀ ਇਸ ਘਟਨਾ ਦੀ ਜਾਂਚ ਕਰ ਰਹੇ ਹਨ।



## ਬਲੂਮਬਰਗ ਸਮਰਥਕਾਂ ਦੇ ਟਵਿੱਟਰ ਅਕਾਊਂਟ ਬੰਦ



ਸਾਨ ਫਰਾਂਸਿਸਕੋ, 23 ਫਰਵਰੀ (ਪੋਸਟ ਬਿਊਰੋ)- ਟਵਿੱਟਰ ਨੇ ਨਿਊ ਯਾਰਕ ਦੇ ਸਾਬਕਾ ਮੇਅਰ ਮਾਈਕਲ ਬਲੂਮਬਰਗ ਦੇ ਸਮਰਥਨ ਵਿੱਚ ਸਪੈਮ ਵਰਗੀ ਪੋਸਟ ਕਰਨ ਵਾਲੇ ਸੱਤਰ ਅਕਾਊਂਟਾਂ 'ਤੇ ਰੋਕ ਲਾ ਦਿੱਤੀ ਹੈ। ਮੰਨਿਆ ਜਾ ਰਿਹਾ ਹੈ ਕਿ ਅਮਰੀਕਾ ਵਿੱਚ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਦੇ ਪ੍ਰਮੁੱਖ ਦਾਅਵੇਦ-ਾਰ ਬਲੂਮਬਰਗ ਨੇ ਸੋਸ਼ਲ ਮੀਡੀਆ 'ਤੇ ਆਪਣੀ ਪ੍ਰਚਾਰ ਮੁਹਿੰਮ ਨੂੰ ਹੁਲਾਰਾ ਦੇਣ ਲਈ ਸੈਂਕੜੇ ਲੋਕਾਂ ਨੂੰ ਕੰਮ 'ਤੇ ਰੱਖਿਆ ਹੈ।

ਵਰਨਣ ਯੋਗ ਹੈ ਕਿ ਬਿਨਾਂ ਬੇਨਤੀ ਦੇ ਇੰਟਰਨੈਟ 'ਤੇ ਲੋਕਾਂ ਨੂੰ ਵਾਰ-ਵਾਰ ਸੰਦੇਸ਼ ਜਾਂ ਇਸ਼ਤਿਹਾਰ ਭੇਜਣਾ ਸਪੈਮ ਕਹਾਉਂਦਾ ਹੈ। ਕੰਪਨੀ ਦੇ ਬੁਲਾਰੇ ਨੇ ਕਿਹਾ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਅਕਾਊਂਟਾਂ 'ਤੇ ਰੋਕ ਲਾਈ ਗਈ ਹੈ। ਕੁਝ ਅਕਾਊਂਟਾਂ 'ਤੇ ਜਿੱਥੇ ਪੂਰੀ ਤਰ੍ਹਾਂ ਰੋਕ ਲਾਈ ਗਈ, ਉਥੇ ਜ਼ਿਆਦਾਤਰ ਯੂਜ਼ਰ ਦੀ ਪਛਾਣ ਹੋਣ ਪਿੱਛੋਂ ਕੁਝ ਅਕਾਊਂਟਾਂ ਨੂੰ ਰਿਲੀਜ਼ ਕੀਤਾ ਜਾ ਸਕਦਾ ਹੈ। ਵਾਲ ਸਟਰੀਟ ਜਨਰਲ ਨੇ ਬੁੱਧਵਾਰ ਨੂੰ ਖਬਰ ਦਿੱਤੀ ਸੀ ਕਿ ਨਿਊ ਯਾਰਕ ਦੇ ਸਾਬਕਾ ਮੇਅਰ ਨੇ ਸੋਸ਼ਲ ਮੀਡੀਆ 'ਤੇ ਸਮਰਥਨ ਵਿੱਚ ਪੋਸਟ ਕਰਨ ਤੇ ਦੋਸਤਾਂ ਨੂੰ ਮੈਸੇਜ ਭੇਜਣ ਲਈ ਕੈਲੀਫੋਰਨੀਆ 'ਚ 500 ਲੋਕਾਂ ਨੂੰ 2500 ਡਾਲਰ ਮਹੀਨੇ ਦੀ ਤਨਖਾਹ 'ਤੇ ਰੱਖਿਆ ਹੈ। ਰਿਪਬਲੀਕਨ ਪਾਰਟੀ ਦੇ ਆਰ ਐੱਨ ਸੀ ਰਿਸਰਚ ਵੱਲੋਂ ਜਾਰੀ ਅਧਿਕਾਰਤ ਵੀਡੀਓ 'ਤੇ ਟਵਿੱਟਰ ਨੇ ਪਾਬੰਦੀ ਲਗਾ ਦਿੱਤੀ ਹੈ। ਆਈ ਹੈਵ ਸੀਨ ਇਟ ਗੈਟਿੰਗ ਬੈਟਰ ਐਂਡ ਬੈਟਰ ਨਾਂਅ ਦੇ ਸਿਰਲੇਖ ਵਾਲੇ ਇਸ ਵੀਡੀਓ ਵਿੱਚ ਵਿਨਿ-ਰਮਾਣ ਨਾਲ ਜੁੜੇ ਮਜ਼ਦੂਰ ਅਮਰੀਕੀ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪ੍ਰਸ਼ੰਸਾ ਕਰ ਰਹੇ ਹਨ। ਵੀਡੀਓ 'ਤੇ ਪਾਬੰਦੀ ਲਗਾਏ ਜਾਣ 'ਤੇ ਟਰੰਪ ਜੂਨੀਅਰ ਬੁਰੀ ਤਰ੍ਹਾਂ ਭੜਕ ਗਏ ਹਨ। ਉਨ੍ਹਾਂ ਇਸ ਨੂੰ ਅਪਮਾਨਜਨਕ ਦੱਸਿਆ ਹੈ।

# ਟਰੰਪ ਵੱਲੋਂ ਭਾਰਤ ਦੌਰੇ ਬਾਰੇ ਹਾਸੋਹੀਣੇ ਦਾਅਵਿਆਂ ਦੀ ਝੜੀ

### * ਕਿਹਾ, ਅਹਿਮਦਾਬਾਦ ਵਿੱਚ ਇਕ ਕਰੋੜ ਲੋਕ ਸਵਾਗਤ ਕਰਨਗੇ

ਵਾਸ਼ਿੰਗਟਨ, 23 ਫਰਵਰੀ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗੁਜਰਾਤ ਦੇ ਅਹਿਮਦਾਬਾਦ ਵਿਚ ਆਪਣਾ ਸਵਾਗਤ ਕਰਨ ਵਾਲੇ ਲੋਕਾਂ ਦੀ ਗਿਣਤੀ ਬਾਰੇ ਇਕ ਹੋਰ ਵੱਡਾ ਅਤੇ ਹਾਸੋਹੀਣਾ ਦਾਅਵਾ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਭਾਰਤ ਦੀ ਉਨ੍ਹਾਂ ਦੀ ਪਹਿਲੀ ਫੇਰੀ ਦੌਰਾਨ ਇਕ ਕਰੋੜ ਲੋਕ ਉਨ੍ਹਾਂ ਦਾ ਸਵਾਗਤ ਕਰਨਗੇ।



ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਮੰਗਲਵਾਰ ਨੂੰ ਮੈਰੀਲੈਂਡ ਵਿੱਚ ਅਮਰੀਕੀ ਫੌਜਾਂ ਦੇ ਸਾਂਝੇ ਫੌਜੀ ਬੇਸ ਉਤੇ ਡੋਨਾਲਡ ਟਰੰਪ ਨੇ ਪੱਤਰਕਾਰਾਂ ਨੂੰ ਕਿਹਾ ਸੀ ਕਿ ਮੋਦੀ ਨੇ ਉਨ੍ਹਾਂ ਨੂੰ ਦਸਿਆ ਹੈ ਕਿ ਹਵਾਈ ਅੱਡੇ ਤੋਂ ਪ੍ਰੋਗਰਾਮ ਵਾਲੀ ਥਾਂ ਤੱਕ ਦੋਵੇਂ ਪਾਸੇ 70 ਲੱਖ ਲੋਕ ਮੌਜੂਦ ਹੋਣਗੇ। ਇਹ ਦੌਰਾ ਬੜਾ ਰੋਮਾਂਚਕ ਹੋਣ ਵਾਲਾ ਹੈ। ਆਸ ਕਰਦਾ ਹਾਂ ਕਿ ਤੁਸੀਂ ਸਭ ਵੀ ਇਸ ਦਾ ਮਜ਼ਾ ਲਓਗੇ। ਫਿਰ ਵੀਰਵਾਰ ਨੂੰ ਟਰੰਪ ਨੇ ਕੋਲੋਰਾਡੋ ਵਿਚ 'ਕੀਪ ਅਮਰੀਕਾ ਗ੍ਰੇਟ' ਦੀ ਰੈਲੀ ਵਿਚ ਲੋਕਾਂ ਦੀ ਗਿਣਤੀ ਵਿਚ 30 ਲੱਖ ਵਾਧਾ ਕਰ ਕੇ ਕਿਹਾ ਕਿ 'ਮੈਂ ਸੁਣਿ-ਆ ਹੈ ਕਿ ਉਥੇ ਇਕ ਕਰੋੜ ਲੋਕ ਮੌਜੂਦ ਰਹਿਣ ਵਾਲੇ ਹਨ।' ਉਨ੍ਹਾਂ ਕਿਹਾ ਕਿ ਹਵਾਈ ਅੱਡੇ ਤੋਂ ਲੈ ਕੇ ਦੁਨੀਆ ਦੇ ਸਭ ਤੋਂ ਵੱਡੇ ਸਟੇਡੀਅਮ ਤਕ 60 ਲੱਖ ਤੋਂ ਲੈ ਕੇ ਇਕ ਕਰੋੜ ਦੇ ਵਿਚਾਲੇ ਲੋਕ ਰਹਿਣਗੇ।' ਇਹ ਸ਼ੁਰੂਆਤ ਡੋਨ-ਾਲਡ ਟਰੰਪ ਨੇ ਇੱਕ ਲੱਖ ਲੋਕਾਂ ਦੀ ਹਾਜ਼ਰੀ ਤੋਂ ਕੀਤੀ ਸੀ।

ਦੂਸਰੇ ਪਾਸੇ ਅਹਿਮਦਾਬਾਦ ਵਿਚ ਨਗਰ ਨਿਗਮ ਦੇ ਇਕ ਵੱਡੇ ਅਧਿਕਾਰੀ ਨੇ ਦੱਸਿਆ ਕਿ ਇਸ ਸ਼ਹਿਰ ਦੀ ਕੁੱਲ ਆਬਾਦੀ ਮਸਾਂ 70 ਲੱਖ ਹੈ। ਅਧਿਕਾਰੀਆਂ ਦਾ ਮੰਨਣਾ ਹੈ ਕਿ ਹਵਾਈ ਅੱਡੇ ਤੋਂ ਲੈ ਕੇ ਮੋਟੇਰਾ ਕ੍ਰਿਕਟ ਸਟੇਡੀਅਮ ਤੱਕ ਦੇ 22 ਕਿਲੋਮੀਟਰ ਰਸਤੇ ਉੱਤੇ ਨਰਿੰਦਰ ਮੋਦੀ ਅਤੇ ਡੋਨਾਲਡ ਟਰੰਪ ਦੇ ਰੋਡ ਸ਼ੋਅ ਮੌਕੇ ਇਕ ਤੋਂ ਦੋ ਲੱਖ ਲੋਕ ਹੋ ਸਕਦੇ ਹਨ। ਇਸ ਨਗਰ ਨਿਗਮ ਦੇ ਕਮਿਸ਼ਨਰ ਵਿਜੇ ਨਹਿਰਾ ਨੇ ਡੋਨਾਲਡ ਟਰੰਪ ਦੇ ਦਾਅਵਿਆਂ ਦੇ ਉਲਟ ਵੀਰਵਾਰ ਨੂੰ ਕਿਹਾ ਕਿ 'ਸਾਡਾ ਮੰਨਣਾ ਹੈ ਕਿ ਇਕ ਤੋਂ 2 ਲੱਖ ਲੋਕ ਰੋਡ ਸ਼ੋਅ ਦੌਰਾਨ ਮਹਿਮਾਨਾਂ ਦਾ ਸਵਾਗਤ ਕਰਨ ਲਈ ਖੜੇ ਹੋਣਗੇ।'







ਅਮਰੀਕੀ ਰਾਸ਼ਟਰਪਤੀ ਟਰੰਪ ਦੇ ਅਹਿਮਦਾਬਾਦ ਵਿਚ ਲੱਗੇ ਸਵਾਗਤੀ ਪੋਸਟਰਾਂ ਦੇ ਦ੍ਰਿਸ਼।

## ਅਮਰੀਕੀ ਹਵਾਈ ਫ਼ੌਜ ਵਿੱਚ ਸਿੱਖ ਧਾਰਮਿਕ ਚਿੰਨ੍ਹਾਂ ਨਾਲ ਵੀ ਸੇਵਾ ਨਿਭਾਅ ਸਕਣਗੇ

ਵਾਸ਼ਿੰਗਟਨ, 23 ਫਰਵਰੀ (ਪੋਸਟ ਬਿਊਰੋ)- ਅਮਰੀਕੀ ਹਵਾਈ ਫ਼ੌਜ ਨੇ ਸਿੱਖਾਂ ਸਮੇਤ ਕੁਝ ਖ਼ਾਸ ਫ਼ਿਰਕਿਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਖ਼ਿਆਲ ਰੱਖ ਕੇ ਡਰੈਸ ਕੋਡ ਬਦਲਿਆ ਹੈ। ਇਸ ਫ਼ੈਸਲੇ ਨਾਲ ਸਿੱਖਾਂ ਅਤੇ ਹੋਰ ਫ਼ਿਰਕਿਆਂ ਦੇ ਲੋਕਾਂ ਦਾ ਅਮਰੀਕੀ ਹਵਾਈ ਫ਼ੌਜ 'ਚ ਦਾਖ਼ਲਾ ਆਸਾਨ ਹੋ ਜਾਵੇਗਾ।

ਪਤਾ ਲੱਗਾ ਹੈ ਕਿ ਅਮਰੀਕੀ ਫ਼ੌਜ ਅਤੇ ਦੁਨੀਆ ਦੇ ਕਈ ਫ਼ੌਜੀ ਦਸਤਿਆਂ ਨੇ ਸਿੱਖਾਂ ਨੂੰ ਕੇਸ, ਦਾੜ੍ਹੀ ਤੇ ਕੜ੍ਹੇ ਦੇ ਨਾਲ ਕੰਮ ਕਰਨ ਦੀ ਸਹੂਲਤ ਦਿੱਤੀ ਹੈ। ਨਵੀ ਹਵਾਈ ਫ਼ੌਜ ਨੀਤੀ ਮੁਤਾਬਕ ਧਾਰਮਿਕ ਮਾਨਤਾ ਦੇ ਮੁਤਾਬਕ ਬਦਲਾਵਾਂ ਨੂੰ ਸੂਚੀਬੱਧ ਕਰ ਕੇ ਸਪੱਸ਼ਟ ਕੀਤਾ ਗਿਆ ਹੈ ਕਿ ਹੇਠਲੇ ਪੱਧਰ ਦੇ ਕਮਾਂਡਰ ਨੂੰ ਆਪਣੇ ਏਅਰਮੈਨ ਦੀ ਧਾਰਮਿਕ ਮਾਨਤਾ ਦੀ ਅਪੀਲ ਨੂੰ 30 ਦਿਨਾਂ ਦੇ ਅੰਦਰ ਸਵੀਕਾਰ ਕਰਨਾ ਪਵੇਗਾ। ਜੇ ਤਾਇਨਾਤੀ ਅਮਰੀਕਾ ਤੋਂ ਬਾਹਰ ਹੈ ਤਾਂ



ਮਨਜ਼ੂਰੀ 'ਚ 60 ਦਿਨਾਂ ਦਾ ਸਮਾਂ ਲਿਆ ਜਾ ਸਕਦਾ ਹੈ। ਅਪੀਲ ਸਵੀਕਾਰ ਕਰਨ ਦਾ ਫ਼ੈਸਲਾ ਹਵਾਈ ਫ਼ੌਜ ਮੁਲਾਜ਼ਮ ਦੇ ਪੂਰੇ ਸੇਵਾਕਾਲ 'ਚ ਲਾਗੂ ਰਹੇਗਾ। ਨੀਤੀ ਦੀ ਇਸ ਵਿਵਸਥਾ ਤੋਂ ਸਪੱਸ਼ਟ ਹੈ ਕਿ ਅਮਰੀਕੀ ਹਵਾਈ ਫ਼ੌਜ 'ਚ ਕੰਮ ਕਰ ਰਹੇ ਸਿੱਖ ਤੇ ਹੋਰ ਵਿਸ਼ੇਸ਼ ਫ਼ਿਰਕਿਆਂ ਦੇ ਲੋਕਾਂ ਨੂੰ ਧਾਰਮਿਕ ਮਾਨਤਾ ਮੁਤਾਬਕ ਵਰਦੀ ਤੇ ਹੋਰ ਸੂਚੀਬੱਧ ਸਹੂਲਤਾਂ ਹਾਸਲ ਹੋਣਗੀਆਂ, ਪਰ ਖ਼ਾਸ ਹਾਲਾਤ 'ਚ ਇਨ੍ਹਾਂ ਧਾਰਮਿਕ ਸਹੂਲਤਾਂ 'ਤੇ ਰੋਕ ਰਹੇਗੀ। ਇਹ ਰੋਕ ਸੁਰੱਖਿਆ ਕਾਰਨਾਂ ਕਰਕੇ ਹੋਵੇਗੀ।

## ਅਦਾਲਤੀ ਹੁਕਮ ਉਲੰਘ ਕੇ ਤੇਜ਼ ਰਫ਼ਤਾਰ ਗੱਡੀ ਚਲਾਉਣ ਵਾਲੇ ਨੂੰ ਕੈਦ





ਲੰਡਨ, 23 ਫਰਵਰੀ (ਪੋਸਟ ਬਿਊਰੋ)- ਕਾਰਡਿਫ ਕਰਾਊਨ ਕੋਰਟ 'ਚ ਵੁਲਵਰਹੈਂਪਟਨ ਵਿਚਲੇ ਡਡਲੀ ਇਲਾਕੇ ਦੀ ਫੋਕਸਹਿੱਲ ਪਾਰਕ ਦੇ 31 ਸਾਲਾ ਅੰਮ੍ਰਿਤਪਾਲ ਸਿੰਘ ਥਾਂਦੀ ਨੂੰ ਅਦਾਲਤੀ ਹੁਕਮਾਂ ਨੂੰ ਅਣਡਿੱਠ ਕਰਕੇ ਤੇਜ਼ ਰਫ਼ਤਾਰ ਗੱਡੀ ਚਲਾਉਣ ਦੇ ਦੋਸ਼ 'ਚ ਕੈਦ ਦੀ ਸਜ਼ਾ ਸੁਣਾਈ ਹੈ।

ਅਦਾਲਤ ਵਿੱਚ ਦੱਸਿਆ ਗਿਆ ਕਿ ਬੀਤੇ ਸਾਲ 21 ਜੁਲਾਈ ਨੂੰ ਇੱਕ ਮੋਟਰ ਸਾਈਕਲ ਸਵਾਰ ਪੁਲਸ ਅਧਿਕਾਰੀ ਤੋਂ ਬਚਣ ਲਈ ਥਾਂਦੀ ਨੇ 30 ਮੀਲ ਘੰਟਾ ਰਫ਼ਤਾਰ ਵਾਲੀ ਸੜਕ 'ਤੇ 90 ਮੀਲ ਪ੍ਰਤੀ ਘੰਟਾ ਰਫ਼ਤਾਰ ਨਾਲ ਕਾਰ ਭਜਾਈ। ਇੱਥੇ ਹੀ ਬੱਸ ਨਹੀਂ ਉਸ ਨੇ ਪੁਲਸ ਤੋਂ ਬਚਣ ਲਈ ਇੱਕ ਸਮੇਂ 120 ਮੀਲ ਦੀ ਰਫ਼ਤਾਰ ਤੱਕ ਸੂਈਆਂ ਚਾੜ੍ਹ ਦਿੱਤੀਆਂ ਸਨ। ਥਾਂਦੀ ਨੇ ਬਹੁਤ ਖ਼ਤਰਨਾਕ ਢੰਗ ਨਾਲ ਗੱਡੀ ਚਲਾ ਕੇ ਕਈ ਲੋਕਾਂ ਦੀ ਜਾਨ ਨੂੰ ਵੀ ਖ਼ਤਰੇ 'ਚ ਪਾਇਆ। ਫਿਰ ਪੁਲਸ ਦੀਆਂ ਤਿੰਨ ਕਾਰਾਂ ਦਾ ਟਾਇਰ ਫੱਟਣ ਤੋਂ ਬਾਅਦ ਉਸ ਨੂੰ ਕਾਬੂ ਕੀਤਾ ਗਿਆ ਤਾਂ ਉਸ ਕੋਲੋਂ ਨਸ਼ਾ ਵੀ ਬਰਾਮਦ ਹੋਇਆ ਅਤੇ ਉਸ ਨੇ ਸ਼ਰਾਬ ਵੀ ਪੀਤੀ ਹੋਈ ਸੀ, ਜੋ ਕਾਨੂੰਨੀ ਮਾਤਰਾ ਦੇ ਅੰਦਰ ਸੀ। ਅਦਾਲਤ 'ਚ ਦੱਸਿਆ ਗਿਆ ਕਿ ਥਾਂਦੀ 'ਤੇ 2011 ਵਿੱਚ ਸ਼ਰਾਬ ਪੀ ਕੇ ਕਾਰ ਚਲਾਉਣ ਕਾਰਨ ਪਾਬੰਦੀ ਲੱਗੀ ਸੀ। ਜਨਵਰੀ 2019 ਵਿੱਚ ਛੇ ਮਹੀਨੇ ਗੱਡੀ ਚਲਾਉਣ 'ਤੇ ਪਾਬੰਦੀ ਲੱਗੀ, ਪਰ ਇਸ ਦੇ ਬਾਵਜੂਦ ਉਹ ਮੁੜ ਖ਼ਤਰਨਾਕ ਢੰਗ ਨਾਲ ਕਾਰ ਚਲਾਉਂਦਾ ਕਾਬੂ ਆ ਗਿਆ। ਬਚਾਅ ਪੱਖ ਦੀਆਂ ਦਲੀਲਾਂ ਰੱਦ ਕਰਦਿਆਂ ਅਦਾਲਤ ਨੇ 18 ਮਹੀਨੇ ਕੈਦ ਅਤੇ ਦੋ ਸਾਲ ਲਈ ਡਰਾਈਵਿੰਗ ਕਰਨ 'ਤੇ ਪਾਬੰਦੀ ਦੇ ਨਾਲ-ਨਾਲ ਦੁਬਾਰਾ ਟੈਸਟ ਪਾਸ ਕਰਨ ਅਤੇ 149 ਪੌਂਡ ਪੀਵਤ ਸਰਚਾਰਜ ਅਦਾ ਕਰਨ ਦੇ ਆਦੇਸ਼ ਵੀ ਸੁਣਾਏ ਹਨ।

### ਅਮਰੀਕੀ ਚੋਣਾਂ:

## ਡੈਮੋਕ੍ਰੇਟਿਕ ਪਾਰਟੀ ਦੇ ਪ੍ਰਭਾਵ ਵਾਲੇ ਕਾਕਸ ਤੋਂ ਬਰਨੀ ਸੈਂਡਰਸ ਦੀ ਜ਼ੋਰਦਾਰ ਜਿੱਤ



ਵਾਸ਼ਿੰਗਟਨ, 23 ਫਰਵਰੀ, (ਪੋਸਟ ਬਿਊਰੋ)- ਸੈਨੇਟਰ ਬਰਨੀ ਸੈਂਡਰਸ ਨੇ ਐਤਵਾਰ ਨੂੰ ਡੈਮੋਕ੍ਰੇਟਿਕ ਪਾਰਟੀ ਦੇ ਪ੍ਰਭਾਵ ਵਾਲੇ ਨੇਵਾਦਾ ਕਾਕਸ ਵਿਚ ਮਹੱਤਵ ਪੂਰਣ ਜਿੱਤ ਹਾਸਿਲ ਕੀਤੀ ਹੈ। ਇਸ ਜਿੱਤ ਨਾਲ ਰਾਸ਼ਟਰਪਤੀ ਚੋਣ ਵਿਚ ਉਨ੍ਹਾਂ ਦੀ ਉਮੀਦਵਾਰੀ ਨੂੰ ਹੋਰ ਬਲ ਮਿਲਿਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਬਰਨੀ ਨੂੰ ਇਸ ਲਈ ਵਧਾਈ ਦਿੱਤੀ ਤੇ ਕਿਹਾ ਕਿ ਬਰਨੀ ਸੈਂਡਰਸ ਦੇ ਅੱਗੇ ਬਿਡੇਨ ਅਤੇ ਬਾਕੀ ਉਮੀਦਵਾਰ ਵਾਹਵਾ ਕਮਜ਼ੋਰ ਦਿਖਾਈ ਦੇ ਰਹੇ ਹਨ। ਵਰਮਾਂਟ ਦੇ 78 ਸਾਲਾ ਸੈਨੇਟਰ ਬਰਨੀ ਸੈਂਡਰਸ ਨੂੰ 54 ਫ਼ੀਸਦੀ ਤੋਂ ਜ਼ਿਆਦਾ ਵੋਟ ਮਿਲੇ, ਜਦ ਕਿ ਸਾਬਕਾ ਉਪ ਰਾਸ਼ਟਰਪਤੀ ਜੋ ਬਿਡੇਨ ਸਿਰਫ਼ 19 ਫ਼ੀਸਦੀ ਵੋਟ ਲੈ ਸਕੇ। ਬਰਨੀ ਨੇ ਟਵੀਟ ਕਰ ਕੇ ਆਪਣੀ ਜਿੱਤ ਦਾ ਐਲਾਨ ਕੀਤਾ। ਉਨ੍ਹਾਂ ਕਿਹਾ, ਬ੍ਰੇਕਿੰਗ! ਮੈਂ ਨੇਵਾਦਾ ਜਿੱਤ ਲਿਆ ਹੈ। ਮੈਂ ਜ਼ਮੀਨੀ ਪੱਧਰ ਉੱਤੇ ਕੰਮ ਕਰਦਾ ਹਾਂ ਅਤੇ ਅਜਿਹਾ ਕੁਝ ਵੀ ਨਹੀਂ ਹੈ ਜਿਸ ਨੂੰ ਮੈਂ ਪੂਰਾ ਨਹੀਂ ਕਰ ਸਕਦਾ। ਸਾਲ 2016 ਵਿਚ ਬਰਨੀ ਸੈਂਡਰਸ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦੇ ਹੱਥੋਂ ਹੈਂਪਸ਼ਾਇਰ ਦੀ ਪ੍ਰਾਇਮਰੀ ਵਿਚ ਹਾਰ ਗਏ ਸਨ।

## ਭਾਰਤ ਨਾਲ ਗੱਲ ਕਰਨੀ ਹੈ ਤਾਂ ਪਹਿਲਾਂ ਪਾਕਿ ਨੂੰ ਅੱਤਵਾਦੀਆਂ 'ਤੇ ਸ਼ਿਕੰਜਾ ਕਸਣਾ ਹੋਵੇਗਾ

ਵਾਸ਼ਿੰਗਟਨ, 23 ਫਰਵਰੀ, (ਪੋਸਟ ਬਿਊਰੋ)- ਆਪਣੇ ਭਾਰਤ ਦੌਰੇ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨ-ਾਲਡ ਟਰੰਪ ਭਾਰਤ ਤੇ ਪਾਕਿਸਤਾਨ ਦਾ ਤਣਾਅ ਘੱਟ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਦੌਰਾਨ ਵਾਈਟ ਹਾਊਸ ਨੇ ੋਰ ਦਿੰਦੇ ਹੋਏ ਕਿਹਾ ਕਿ ਦੋਵਾਂ ਗੁਆਂਢੀਆਂ ਵਿਚਾਲੇ ਕੋਈ ਗੱਲਬਾਤ ਤਦੇ ਸਫਲ ਹੋਵੇਗੀ, ਜਦੋਂ ਪਾਕਿਸਤਾਨ ਆਪਣੀ ਜ਼ਮੀਨ ਉੱਤੇ ਅੱਤਵਾਦੀਆਂ ਤੇ ਕੱਟੜਪੰਥੀਆਂ ਦੇ ਖਿਲਾਫ ਸ਼ਿਕੰਜਾ ਕੱਸੇਗਾ।



ਵਰਨਣ ਯੋਗ ਹੈ ਕਿ ਪਿਛਲੇ ਸਾਲ 5 ਅਗਸਤ ਨੂੰ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਦੇਂਦੀ ਸੰਵਿਧਾਨ ਦੀ ਧਾਰਾ 370 ਖਤਮ ਕਰਨ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅ ਵਧ ਗਿਆ ਸੀ। ਇਸ ਤੋਂ ਬਾਅਦ ਪਾਕਿ-ਸਤਾਨ ਨੇ ਭਾਰਤ ਨਾਲ ਆਪਣੇ ਡਿਪਲੋਮੈਟਿਕ ਸਬੰਧ ਘਟਾ ਦਿੱਤੇ ਅਤੇ ਭਾਰਤੀ ਦੂਤ ਨੂੰ ਪਾਕਿਸਤਾਨ ਤੋਂ ਮੋੜ ਦਿੱਤਾ ਸੀ। ਅਮਰੀਕਾ ਦੇ ਇਕ ਸੀਨੀਅਰ ਅਧਿਕਾਰੀ ਤੋਂ ਜਦੋਂ ਪੁੱਛਿਆ ਗਿਆ ਕਿ ਕੀ ਟਰੰਪ ਆਪਣੀ ਭਾਰਤ ਯਾਤਰਾ ਮੌਕੇ ਕਸ਼ਮੀਰ ਮੁੱਦੇ ਉੱਤੇ ਵਿਚੋਲਗੀ ਦੀ ਪੇਸ਼ਕਸ਼ ਫਿਰ ਕਰਨਗੇ ਤਾਂ ਜਵਾਬ ਵਿਚ ਉਨ੍ਹਾਂ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਭਾਰਤ ਤੇ ਪਾਕਿਸਤਾਨ ਦਾ ਤਣਾਅ ਘੱਟ ਕਰਨ ਲਈ ਦੋਵਾਂ ਧਿਰਾਂ ਨੂੰ ਗੱਲਬਾਤ ਕਰਨ ਲਈ ਉਤਸ਼ਾਹਿਤ ਕਰਨਾ ਚਾਹੁੰਦੇ ਹਨ। ਪਿਛਲੇ ਮਹੀਨੇ ਡੋਨਾਲਡ ਟਰੰਪ ਨੇ ਭਾਰਤ ਅਤੇ ਪਾਕਿਸਤਾਨ ਦਾ ਵਿਵਾਦ ਸੁਲਝਾਉਣ ਲਈ ਪੇਸ਼ਕਸ਼ ਕਰਦੇ ਹੋਏ ਕਿਹਾ ਸੀ ਕਿ ਕਸ਼ਮੀਰ ਬਾਰੇ ਦੋਵਾਂ ਦੇਸ਼ਾਂ ਵਿਚਾਲੇ ਹੋਏ ਘਟਨਾਕ੍ਰਮ ਨੂੰ ਅਮਰੀਕਾ ਬਹੁਤ ਨੇੜਿਉਂ ਦੇਖ ਰਿਹਾ ਹੈ। ਉਨ੍ਹਾ ਨੇ ਪਿਛਲੇ ਦਿਨੀਂ ਕਸ਼ਮੀਰ ਮੁੱਦੇ ਉੱਤੇ ਵਿਚੋਲਗੀ ਦੀ ਪੇਸ਼ਕਸ਼ ਕੀਤੀ ਸੀ, ਪਰ ਭਾਰਤ ਨੇ ਅਮਰੀਕਾ ਨੂੰ ਸਾਫ ਕਰ ਦਿੱਤਾ ਸੀ ਕਿ ਭਾਰਤ-ਪਾਕਿਸਤਾਨ ਵਿਚਾਲੇ ਇਹ ਦੋ-ਪੱਖੀ ਮੁੱਦਾ ਹੈ, ਕਿਸੇ ਤੀਜੇ ਦੀ ਵਿਚੋਲਗੀ ਦੀ ਲੋੜ ਨਹੀਂ। ਵਾਈਟ ਹਾਊਸ ਦੇ ਅਧਿਕਾਰੀ ਨੇ ਕਿਹਾ ਕਿ ਅਸੀਂ ਦੋਵਾਂ ਦੇਸ਼ਾਂ ਵਿਚਾਲੇ ਕਿਸੇ ਵੀ ਸਫਲ ਗੱਲਬਾਤ ਦੇ ਮੂਲ ਆਧਾਰ ਉੱਤੇ ਆਪਣਾ ਵਿਸ਼ਵਾਸ ਜਾਰੀ ਰੱਖਣਾ ਚਾਹੁੰਦੇ ਹਾਂ, ਪਰ ਗੱਲਬਾਤ ਪਾਕਿ-ਸਤਾਨ ਵਲੋਂ ਆਪਣੇ ਇਲਾਕੇ ਵਿਚ ਅੱਤਵਾਦੀਆਂ ਤੇ ਕੱਟੜਪੰਥੀਆਂ ਉੱਤੇ ਸ਼ਿਕੰਜਾ ਕੱਸਣ ਉੱਤੇ ਹੀ ਹੋ ਸਕਦੀ ਹੈ।

# ਚੀਨ ਤੋਂ ਆਏ ਲੋਕਾਂ ਦੀਆਂ ਬੱਸਾਂ 'ਤੇ ਯੂਕਰੇਨ 'ਚ ਪੱਥਰ ਸੁੱਟੇ

ਕੀਵ, 23 ਫਰਵਰੀ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਚੀਨ ਤੋਂ ਕੱਢੇ ਗਏ 70 ਤੋਂ ਵੱਧ ਲੋਕਾਂ ਨੂੰ ਯੂਕਰੇਨ ਵਿੱਚ ਆਈਸੋਲੇਸ਼ਨ ਵਿੱਚ ਰੱਖੇ ਜਾਣ ਦੀ ਕੋਸ਼ਿਸ਼ ਦੌਰਾਨ ਹਿੰਸਾ ਹੋ ਗਈ। ਵਾਇਰਸ ਫ਼ੈਲਣ ਦੇ ਡਰ ਤੋਂ ਸਥਾਨਕ ਲੋਕਾਂ ਨੇ ਚੀਨ ਤੋਂ ਆਏ ਲੋਕਾਂ ਦੀਆਂ ਬੱਸਾਂ 'ਤੇ ਪੱਥਰ ਸੁੱਟੇ।

ਇਸ ਦੌਰਾਨ ਪੁਲਸ ਨਾਲ ਪ੍ਰਦਰਸ਼ਨਕਾਰੀਆਂ ਦੀ ਹਿੰਸਕ ਝੜਪ ਵੀ ਹੋਈ ਜਿਸ ਵਿੱਚ ਛੇ ਪੁਲਸ ਕਰਮਚਾਰੀ ਅਤੇ ਇੱਕ ਨਾਗਰਿਕ ਜ਼ਖ਼ਮੀ ਹੋ ਗਿਆ। ਕੁਝ ਪ੍ਰਦਰਸ਼ਨਕਾਰੀਆਂ ਨੂੰ ਹਿਰਸਾਤ ਵਿੱਚ ਲੈ ਲਿਆ ਗਿਆ ਹੈ। ਹਿੰਸਾ ਦੀ ਸੂਚਨਾ ਮਿਲਣ 'ਤੇ ਮੌਕੇ ਉੱਤੇ ਪੁੱਜੇ ਗ੍ਰਹਿ ਮੰਤਰੀ ਅਰਸੇਨ ਅਵਾਕੋਟ ਨੇ ਪ੍ਰਦਰਸ਼ਨਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਭੜਕਾਹਟ ਵਿੱਚ ਨਾ ਆਉਣ ਅਤੇ ਕੱਢੇ ਗਏ ਲੋਕਾਂ ਨੂੰ ਆਈਸੋਲੇਸ਼ਨ ਵਿੱਚ ਰੱਖਣ ਦੀ ਕੱਚੀ ਲੋੜ ਨੂੰ ਸਮਝਣ।

ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੇਂਸਕੀ ਨੇ ਆਪਣੇ ਫੇਸਬੁੱਕ ਪੇਜ 'ਤੇ ਸਥਾਨਕ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਇਸ ਤੋਂ ਡਰਨ ਦੀ ਲੋੜ ਨਹੀਂ। ਯੂਕਰੇਨ ਨੇ ਕੱਲ੍ਹ 70 ਤੋਂ ਵੱਧ ਲੋਕਾਂ ਨੂੰ ਚੀਨ ਤੋਂ ਕੱਢਿਆ ਸੀ। ਇਸ ਵਿੱਚ ਯੂਕਰੇਨ ਦੇ 45 ਨਾਗਰਿਕ ਸਨ, ਜਦ ਕਿ 27 ਵਿਦੇਸ਼ੀ ਸਨ। ਯੂਕਰੇਨ ਦੇ ਪੋਲਟਾਵਾ ਖੇਤਰ ਦੇ ਪੁਲਸ ਬੁਲਾਰੇ ਯੂਰੀ ਸੁਲਾਯੇਵ ਨੇ ਦੱਸਿਆ ਕਿ ਚੀਨ ਤੋਂ ਕੱਢੇ ਗਏ ਲੋਕਾਂ ਨੂੰ ਸੈਨੀਟੋਰੀਅਮ ਵਿੱਚ ਆਈਸੋਲੇਸ਼ਨ ਵਿੱਚ ਰੱਖਿਆ ਜਾਣਾ ਹੈ। ਇਨ੍ਹਾਂ ਲੋਕਾਂ ਨੂੰ ਜਦੋਂ ਬੱਸਾਂ ਰਾਹੀਂ ਓਥੇ ਲਿਜਾਇਆ ਜਾ ਰਿਹਾ ਸੀ ਤਾਂ ਨੋਵੀ ਸੰਝਾਰੀ ਪਿੰਡ ਦੇ ਲੋਕਾਂ ਨੇ ਸੜਕ ਰੋਕ ਦਿੱਤੀ। ਸਥਾਨਕ ਲੋਕਾਂ ਨੂੰ ਡਰ ਸੀ ਕਿ ਉਹ ਵਾਇਰਸ ਤੋਂ ਪ੍ਰਭਾਵਿਤ ਹੋ ਸਕਦੇ ਹਨ।





## ਕਾਂਗਰਸੀ ਆਗੂ ਸ਼ਤਰੂਘਨ ਸਿਨਹਾ ਵੱਲੋਂ ਪਾਕਿ ਰਾਸ਼ਟਰਪਤੀ ਨਾਲ ਮੁਲਾਕਾਤ

ਇਸਲਾਮਾਬਾਦ, 23 ਫਰਵਰੀ (ਪੋਸਟ ਬਿਊਰੋ)- ਕਾਂਗਰਸੀ ਆਗੂ ਅਤੇ ਫਿਲਮ ਸਟਾਰ ਸ਼ਤਰੂਘ ਸਿਨਹਾ ਨੇ ਬੀਤੇ ਦਿਨ ਪਾਕਿਸਤਾਨ ਦੇ ਰਾਸ਼ਟਰਪਤੀ ਆਰਿਫ ਅਲਵੀ ਨਾਲ ਮੁਲਾਕਾਤ ਕੀਤੀ। ਦੋਵਾਂ ਆਗੂਆਂ ਨੇ ਇਸ 'ਤੇ ਸਹਿਮਤੀ ਪ੍ਰਗਟਾਈ ਕਿ ਇਸ ਉਪ ਮਹਾਦੀਪ ਵਿੱਚ ਅਮਨ ਨੂੰ ਹੁਲਾਰਾ ਦੇਣ ਦਾ ਕੰਮ ਕਰਨ ਦੀ ਲੋੜ ਹੈ। ਸ਼ਤਰੂਘਨ ਸਿਨਰਾ ਇੱਕ ਵਿਆਹ 'ਚ ਸ਼ਾਮਲ ਹੋਣ ਲਾਹੌਰ ਗਏ ਸਨ ਤੇ ਉਥੇ ਗਵਰਨਰ ਹਾਊਸ 'ਚ ਉਸ ਦੀ ਅਲਵੀ ਨਾਲ ਮੁਲਾਕਾਤ ਹੋਈ ਸੀ।

ਅਲਵੀ ਦੇ ਦਫਤਰ ਵੱਲੋਂ ਜਾਰੀ ਬਿਆਨ ਮੁਤਾਬਕ ਦੋਵਾਂ ਵਿਚਾਲੇ ਕਸ਼ਮੀਰ ਸਮੇਤ ਕਈ ਹੋਰ ਮੁੱਦਿਆਂ ਉਤੇ ਵੀ ਗੱਲਬਾਤ ਹੋਈ। ਮੀਡੀਆ ਰਿਪੋਰਟਾਂ ਦੇ ਮੁਤਾਬਕ ਸ਼ਤਰੂਘਨ ਸਿਨਹਾ ਪਾਕਿਸਤਾਨੀ ਕਾਰੋਬਾਰੀ ਮੀਆਂ ਅਸਦ ਅਹਿਸਨ ਦੇ ਪੁੱਤਰ ਦੇ ਵਿਆਹ ਵਿੱਚ ਸ਼ਾਮਲ ਹੋਣ ਲਾਹੌਰ ਪੁੱਜੇ ਸਨ। ਉਨ੍ਹਾਂ ਨੇ ਕਵਾਲੀ ਪ੍ਰੋਗਰਾਮ ਦਾ ਵੀ ਆਨੰਦ ਮਾਣਿਆ। ਵਿਆਹ ਨਾਲ ਸੰਬੰਧਤ ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ 'ਚ ਸ਼ਤਰੂਘਨ ਸਿਨਹਾ ਪਾਕਿਸਤਾਨੀ ਅਦਾਕਾਰਾ ਰੀਮਾ ਖਾਨ ਨਾਲ ਦਿਖਾਈ ਦੇ ਰਹੇ ਹਨ। ਇਹ ਵੀਡੀਓ ਇੱਕ ਪਾਕਿ ਵੈੱਬਸਾਈਟ ਨੇ ਸਾਂਝੀ ਕੀਤੀ ਅਤੇ ਲਿਖਿਆ ਹੈ ਕਿ ਦਿੱਗਜ ਬਾਲੀਵੁੱਡ ਅਦਾਕਾਰ ਤੇ ਸਿਆਸਤਦਾਨ ਸ਼ਤਰੂਘਨ ਸਿਨਹਾ ਲਾਹੌਰ ਵਿੱਚ ਇੱਕ ਵਿਆਹ 'ਚ ਦਿਖਾਈ ਦਿੱਤੇ।



ਵਿਆਹ ਦਾ ਵੀਡੀਓ ਸਾਹਮਣੇ ਆਉਣ ਪਿੱਛੋਂ ਭਾਰਤ ਦੇ ਲੋਕ ਸ਼ਤਰੂਘਨ ਸਿਨਹਾ ਨੂੰ ਟਰੋਲ ਕਰ ਰਹੇ ਹਨ। ਕਿਸੇ ਨੇ ਉਨ੍ਹਾਂ ਨੂੰ ਦੇਸ਼ ਧਰੋਹੀ ਦੱਸਿਆ ਹੈ ਤਾਂ ਕੋਈ ਉਨ੍ਹਾਂ ਨੂੰ ਗੰਦੀ ਸਿਆਸਤ ਕਰਨ ਵਾਲਾ ਦੱਸਦਾ ਹੈ। ਇੱਕ ਯੂਜ਼ਰ ਨੇ ਕਿਹਾ ਕਿ ਭਾਰਤੀ ਫੌਜੀ ਦੇਸ਼ ਦੀਆਂ ਸਰਹੱਦਾਂ ਦੀ ਸੁਰੱਖਿਆ ਕਰਦੇ ਹੋਏ ਆਪਣੀ ਜਾਨ ਵਾਰ ਰਹੇ ਹਨ ਅਤੇ ਸਾਡੇ ਬਾਲੀਵੁੱਡ ਅਦਾਕਾਰ ਪਾਕਿਸਤਾਨ ਨਾਲ ਦੋਸਤੀ ਨਿਭਾ ਰਹੇ ਹਨ। ਉਥੇ ਇੱਕ ਹੋਰ ਯੂਜ਼ਰ ਨੇ ਕਿਹਾ ਕਿ ਸ਼ਤਰੂਘਨ ਸਿਨਹਾ ਲਾਹੌਰ ਵਿੱਚ ਕੀ ਕਰ ਰਹੇ ਹਨ? ਅਸੀਂ ਉਸ ਤੋਂ ਇਸ ਬਾਰੇ ਪੁੱਛਾਂਗੇ, ਪਰ ਉਹ ਸਿਰਫ 'ਖਾਮੋਸ਼' ਕਹਿਣਗੇ। ਦੱਸਣ ਯੋਗ ਹੈ ਕਿ ਪੁਲ-ਵਾਮਾ ਹਮਲੇ ਤੋਂ ਬਾਅਦ ਭਾਰਤ ਦੇ ਕਲਾਕਾਰਾਂ ਨੇ ਪਾਕਿਸਤਾਨ ਜਾ ਕੇ ਪੇਸ਼ਕਾਰੀ ਦੇਣ ਤੋਂ ਦੂਰੀ ਬਣਾ ਲਈ ਸੀ। ਕੁਝ ਦਿਨ ਪਹਿਲਾਂ ਮੀਕਾ ਨੇ ਪਾਕਿਸਤਾਨ ਵਿੱਚ ਪ੍ਰਫਾਰਮ ਕਰਨ ਤੋਂ ਬਾਅਦ ਮੁਆਫੀ ਮੰਗੀ ਸੀ।

## ਪ੍ਰਿੰਸ ਹੈਰੀ, ਮੇਗਨ ਆਪਣੀ ਪਛਾਣ ਤੋਂ 'ਸ਼ਾਹੀ' ਸ਼ਬਦ ਹਟਾਉਣ ਨੂੰ ਸਹਿਮਤ ਹੋਏ

ਲੰਡਨ, 23 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਿੰਸ ਹੈਰੀ ਅਤੇ ਮੇਗਨ ਮਰਕੇਲ ਨੇ ਆਰਥਿਕ ਪੱਖੋਂ ਆਜ਼ਾਦ ਜੋੜੇ ਦੇ ਤੌਰ 'ਤੇ ਭਵਿੱਖ ਵਿੱਚ ਕੀਤੀ ਜਾਣ ਵਾਲੀ ਬ੍ਰਾਂਡਿੰਗ ਵਿੱਚ 'ਸ਼ਾਹੀ' ਸ਼ਬਦ ਨਾ ਵਰਤਣ ਦੀ ਸਹਿਮਤੀ ਜਤਾਈ ਹੈ।

ਡਿਊਕ ਅਤੇ ਡਚੇਸ ਆਫ ਸਸੈਕਸ ਸ਼ਾਹੀ ਫਰਜ਼ਾਂ ਤੋਂ ਅਲੱਗ ਹੋਣ ਦੀ ਪ੍ਰਕਿਰਿਆ ਦੇ ਮੱਦੇਨਜ਼ਰ ਬਕਿੰਘਮ ਪੈਲੇਸ ਦੀ ਟੀਮ ਦੇ ਨਾਲ ਗੱਲਬਾਤ ਕਰ ਰਹੇ ਹਨ। ਇਸ ਵਿੱਚ ਕੁਝ ਔਕੜਾਂ ਵੀ ਆ ਰਹੀਆਂ ਹਨ ਕਿਉਂਕਿ ਜੋੜੇ ਨੂੰ ਮਿਲੀ ਇਸ ਸ਼ਾਹੀ ਉਪਾਧੀ ਦੀ ਵਰਤੋਂ ਉਨ੍ਹਾਂ ਦੇ ਸਮਾਜ ਕੰਮਾਂ ਤੇ ਇਸ ਤਰ੍ਹਾਂ ਦੇ ਹੋਰ ਕੰਮਾਂ ਵਿੱਚ ਹੁੰਦੀ ਹੈ। 'ਸ਼ਾਹੀ' ਸ਼ਬਦ ਦੀ ਵਰਤੋਂ ਬਾਰੇ ਬ੍ਰਿਟੇਨ ਸਰਕਾਰ ਦੇ ਵਿਸ਼ੇਸ਼ ਨਿਯਮਾਂ ਦਾ ਹਵਾਲਾ ਦਿੰਦੇ ਹੋਏ ਉਹ ਇਸ ਗੱਲ 'ਤੇ ਸਹਿਮਤ ਹੋਏ ਹਨ ਕਿ ਉਨ੍ਹਾਂ ਦਾ ਗੈਰ-ਲਾਭਕਾਰੀ ਸੰਗਠਨ 'ਸਸੈਕਸ ਰਾਇਲ ਫਾਊਂਡੇਸ਼ਨ' ਦੇ ਨਾਂਅ ਨਾਲ ਨਹੀਂ ਜਾਣਿਆ ਜਾਏਗਾ। ਹੈਰੀ ਅਤੇ ਮਰਕੇਲ ਫਿਲਹਾਲ ਕੈਨੇਡਾ ਦੇ ਵੈਨਕੂਵਰ ਟਾਪੂ 'ਤੇ ਇੱਕ ਆਲੀਸ਼ਾਨ ਬੰਗਲੇ ਵਿੱਚ ਆਪਣੇ ਅੱਠ ਮਹੀਨੇ ਦੇ ਬੇਟੇ ਆਰਚੀ ਦੇ ਨਾਲ ਰਹਿ ਰਹੇ ਹਨ।

# ਭਾਰਤ ਵਿੱਚ ਦੁੱਧ ਉਤਪਾਦਨ ਕੇਵਲ 14 ਕਰੋੜ, ਖਪਤ 64 ਕਰੋੜ ਲੀਟਰ, ਬਾਕੀ ਕਿੱਥੋਂ ਆਉਂਦੈ



ਮੋਗਾ, 23 ਫਰਵਰੀ (ਪੋਸਟ ਬਿਊਰੋ)- ਭਾਰਤ ਵਿੱਚ ਦੁੱਧ ਦਾ ਉਤਪਾਦਨ 14 ਕਰੋੜ ਲੀਟਰ ਅਤੇ ਖਪਤ 64 ਕਰੋੜ ਲੀਟਰ ਹੈ, ਜਿਸ ਕਾਰਨ ਲੋਕ ਸਰਕਾਰੀ ਪ੍ਰਬੰਧ ਦੀ ਮਿਲੀਭਗਤ ਨਾਲ ਜ਼ਹਿਰ ਵਾਲਾ ਦੁੱਧ ਪੀ ਰਹ ਹਨ। ਇਸ ਸਮੇਂ ਭਾਰਤ ਦੇ ਲੋਕ ਦੁੱਧ ਦੇ ਰੂਪ ਵਿੱਚ ਜ਼ਹਿਰ ਵਿਕ ਰਿਹਾ ਹੈ ਅਤੇ ਇਹ ਜ਼ਹਿਰ ਕੈਂਸਰ ਵਿੱਚ ਤਬਦੀਲ ਹੋ ਰਿਹਾ ਹੈ। ਜੇ ਹਾਲ ਇਹੀ ਰਿਹਾ ਤਾਂ 2025 ਤੱਕ ਭਾਰਤ ਵਿੱਚ ਰਹਿਣ ਵਾਲੇ 87 ਫੀਸਦੀ ਲੋਕ ਕੈਂਸਰ ਦੇ ਸ਼ਿਕਾਰ ਹੋ ਜਾਣਗੇ।

ਇਹ ਜਾਣਕਾਰੀ ਵਿਸ਼ਵ ਸਿਹਤ ਸੰਗਠਨ ਨੇ ਆਪਣੀ ਰਿਪੋਰਟ ਵਿੱਚ ਦਿੱਤੀ, ਜਿਸ ਦਾ ਮੰਨਣਾ ਹੈ ਕਿ ਭਾਰਤ ਵਿੱਚ ਵਿਕਦਾ 67.7 ਫੀਸਦੀ ਦੁੱਧ ਮਿਲਾਵਟੀ ਹੈ। ਇਸ ਦੇ ਪਿੱਛੇ ਤਰਕ ਦਿੱਤਾ ਜਾਂਦਾ ਹੈ ਕਿ ਦੇਸ਼ ਵਿੱਚ ਦੁੱਧ ਉਤਪਾਦਨ 14 ਕਰੋੜ ਲੀਟਰ ਅਤੇ ਖਪਤ 64 ਕਰੋੜ ਲੀਟਰ ਹੈ ਤਾਂ ਅਸੀਂ ਅਤੇ ਤੁਸੀਂ ਕਿਹੜਾ ਦੁੱਧ ਪੀ ਰਹੇ ਹਾਂ। ਤਿਉਹਾਰਾਂ ਦੇ ਸੀਜਨ ਵਿੱਚ ਦੁੱਧ ਦੀਆਂ ਬਣੀਆਂ ਮਠਿਆਈਆਂ ਵਿਕਦੀਆਂ ਹਨ, ਪਰ ਦੁੱਧ ਪਤਾ ਨਹੀਂ ਕਿੱਥੋਂ ਆਉਂਦਾ ਹੈ।

ਐਨੀਮਲ ਵੈਲਫੇਅਰ ਬੋਰਡ ਇੰਡੀਆ ਦੇ ਮੈਂਬਰ ਮੋਹਨ ਸਿੰਘ ਆਹਲੂਵਾਲੀਆ ਨੇ ਦੱਸਿਆ ਕਿ ਦੇਸ਼ ਵਿੱਚ ਦੁੱਧ ਨਾਲ ਇੰਨੇ ਵੱਡੇ ਪੈਮਾਨੇ 'ਤੇ ਇਹ ਚੀਜ਼ਾਂ ਕਿਵੇਂ ਬਣਦੀਆਂ ਹਨ, ਜਦ ਕਿ ਇੰਨੀ ਮਾਤਰਾ ਵਿੱਚ ਦੁੱਧ ਹੁੰਦਾ ਹੀ ਨਹੀਂ, ਦੁੱਧ ਮਾਫੀਆ ਦੁੱਧ ਦੀ ਮਾਤਰਾ ਵਧਾਉਣ ਲਈ ਪਾਣੀ ਮਿਲਾਉਂਦੇ ਹਨ, ਇਸ ਵਿੱਚ ਯੂਰੀਆ, ਸਕਿਮਡ, ਮਿਲਕ ਪਾਊਡਰ ਦੀ ਵਰਤੋਂ ਹੁੰਦੀ ਹੈ ਅਤੇ ਫੈਟ ਦਿਖਾਉਣ ਲਈ ਵੈਜੀਟੇਬਲ ਆਇਲ ਅਤੇ ਫੈਟ ਵਰਤੀ ਜਾਂਦੀ ਹੈ। ਦੁੱਧ ਨੂੰ ਫਟਣ ਤੋਂ ਬਚਾਉਣ ਲਈ ਹਾਈਪੋਕਲੋਰਾਈਡਸ, ਕਲੋਰਾਮ-ਾਇਨਸ ਹਾਈਡਰੋਜਨ ਪੈਰਾਆਕਸਾਈਡ, ਬੋਰਿਕ ਐਸਿਡ ਦੀ ਵਰਤੋਂ ਹੁੰਦੀ ਹੈ ਅਤੇ ਦਹੀਂ, ਪਨੀਰ, ਮੱਖਣ ਅਤੇ ਕਰੀਮ ਬਣਾਉਣ ਵਿੱਚ ਵੀ ਹਾਨੀਕਾਰਕ ਕੈਮੀਕਲ ਵਰਤਿਆ ਜਾਂਦਾ ਹੈ।

# ਨੌਕਰੀ ਲਈ ਫਿਟਨੈਸ ਟੈਸਟ ਬਹਾਨੇ ਸੈਂਕੜੇ ਟ੍ਰੇਨੀ ਕਲਰਕ ਔਰਤਾਂ ਨੂੰ ਨੰਗਾ ਕੀਤਾ



ਸੂਰਤ, 23 ਫਰਵਰੀ, (ਪੋਸਟ ਬਿਊਰੋ)- ਗੁਜਰਾਤ ਦੇ ਸੂਰਤ ਵਿੱਚ ਨੌਕਰੀ ਦੇਣ ਦੇ ਨਾਂਅ ਉੱਤੇ ਔਰਤਾਂ ਨੂੰ ਨੰਗਾ ਕਰਕੇ ਉਨ੍ਹਾਂ ਦਾ ਡਾਕਟਰੀ ਟੈਸਟ ਲੈਣ ਦਾ ਬੜਾ ਸ਼ਰਮਨਾਕ ਵਿਹਾਰ ਸਾਹਮਣੇ ਆਇਆ ਹੈ। ਇਹੀ ਨਹੀਂ, ਉਨ੍ਹਾਂ ਦੇ ਕੱਪੜੇ ਲੁਹਾ ਕੇ ਉਨ੍ਹਾਂ ਦੀ ਜ਼ਿੰਦਗੀ ਬਾਰੇ ਬੇ-ਤੁਕੇ ਨਿੱਜੀ ਸਵਾਲ ਵੀ ਪੁੱਛੇ ਗਏ। ਹਿੰਦੁਸਤਾਨ ਟਾਈਮਸ ਦੀ ਖਬਰ ਮੁਤਾਬਿਕ ਸੂਰਤ ਨਗਰ ਨਿਗਮ (ਐਸ ਐਮ ਸੀ) ਵੱਲੋਂ ਚਲਾਏ ਜਾ ਰਹੇ ਇੱਕ ਹਸਪਤਾਲ ਵਿੱਚ ਮਹਿਲਾ ਟ੍ਰੇਨੀ ਕਲਰਕਾਂ ਨੂੰ ਮੈਡੀਕਲ ਫਿਟਨੈਸ ਲਈ ਕੱਪੜੇ ਉਤਾਰਨ ਨੂੰ ਕਿਹਾ ਗਿਆ। ਫਿਰ ਉਨ੍ਹਾਂ ਨਾਲ ਕਈ ਕਿਸਮ ਦੀਆਂ ਗਲਤ ਹਰਕਤਾਂ ਕੀਤੀਆਂ ਗਈਆਂ ਅਤੇ ਔਰਤਾਂ ਦੇ ਗੁਪਤ ਅੰਗ ਵਿੱਚ ਉਂਗਲ ਪਾ ਕੇ ਟੈਸਟ ਕੀਤਾ ਗਿਆ। ਮਿਲੀ ਸ਼ਿਕਾਇਤ ਮੁਤਾਬਕ ਔਰਤ ਮੁਲਾਜ਼ਮਾਂ ਨੂੰ ਇੱਕ ਕਮਰੇ ਵਿੱਚ 10-10 ਦੇ ਗਰੁੱਪਾਂ ਵਿੱਚ ਵੰਡ ਕੇ ਨੰਗਾ ਖੜ੍ਹੇ ਹੋਣ ਲਈ ਕਿਹਾ ਗਿਆ ਸੀ ਤੇ ਕਮਰੇ ਦਾ ਦਰਵਾਜ਼ਾ ਵੀ ਬੰਦ ਨਹੀਂ ਕੀਤਾ ਗਿਆ ਸੀ, ਸਿਰਫ਼ ਪਰਦੇ ਲਾਏ ਗਏ ਸਨ ਤਾਂ ਕਿ ਬਾਹਰੋਂ ਲੋਕ ਅੰਦਰ ਨਾ ਵੇਖ ਸਕਣ। ਇਸ ਕਾਰਨ ਟੈਸਟ ਦੇਣ ਆਈਆਂ ਔਰਤਾਂ ਆਪਣੇ ਆਪ ਸ਼ਰਮ ਮਹਿਸੂਸ ਕਰ ਰਹੀਆਂ ਸਨ। ਸ਼ਿਕਾਇਤ ਹੋਣ ਪਿੱਛੋਂ ਅਧਿਕਾਰੀਆਂ ਨੇ ਜਾਂਚ ਦੇ ਆਦੇਸ਼ ਦੇ ਦਿੱਤੇ ਹਨ।

# ਸੰਘ ਦੀ ਭਾਜਪਾ ਨੂੰ ਚਿਤਾਵਨੀ: ਹਰ ਵਾਰ ਮੋਦੀ-ਸ਼ਾਹ ਮਦਦ ਨਹੀਂ ਕਰ ਸਕਦੇ



ਨਵੀਂ ਦਿੱਲੀ, 23 ਫਰਵਰੀ (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ 2020 ਵਿੱਚ ਉਮੀਦ ਮੁਤਾਬਕ ਪ੍ਰਦਰਸ਼ਨ ਨਾ ਕਰ ਸਕਣ ਤੇ ਕਰਾਰੀ ਹਾਰ ਝੱਲਣ ਵਾਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਲਗਾਤਾਰ ਹਾਰ ਦੇ ਕਾਰਨਾਂ ਦੀ ਘੋਖ ਵਿੱਚ ਜੁਟੀ ਹੋਈ ਹੈ। ਇਸ ਹਾਰ 'ਤੇ ਰਾਸ਼ਟਰੀ ਸਵੈ-ਸੇਵਕ ਸੰਘ (ਆਰ ਐਸ ਐਸ) ਨੇ ਵੀ ਚਿਤਾਵਨੀ ਦੇ ਦਿੱਤੀ ਹੈ ਅਤੇ ਕਿਹਾ ਹੈ ਕਿ ਹਮੇਸ਼ਾ ਮੋਦੀ-ਸ਼ਾਹ ਨਹੀਂ ਜਿੱਤ ਦਿਵਾ ਸਕਦੇ, ਇਸ ਲਈ ਪਾਰਟੀ ਦਾ ਮੁੜ ਗਠਨ ਕਰਨਾ ਚਾਹੀਦਾ ਹੈ।

ਆਰ ਐਸ ਐਸ ਦੇ ਅੰਗਰੇਜ਼ੀ ਮੁੱਖ ਮੈਗਜ਼ੀਨ 'ਆਰਗੇਨਾਈਜ਼ਰ' ਨੇ ਦੀਨ ਦਿਆਲ ਉਪਾਧਿਆਏ ਦਾ ਹਵਾਲਾ ਦੇ ਕੇ ਦਿੱਲੀ ਚੋਣਾਂ ਵਿੱਚ ਭਾਜਪਾ ਦੀ ਹਾਰ ਦੀ ਰਿਪੋਰਟ ਛਾਪੀ ਹੈ ਅਤੇ ਭਾਜਪਾ, ਇਸ ਦੀ ਦਿੱਲੀ ਇਕਾਈ ਅਤੇ ਚੋਣਾਂ ਵਿੱਚ ਉਤਾਰੇ ਗਏ ਉਮੀਦਵਾਰਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਹੈ। ਇਸ ਲੇਖ ਵਿੱਚ ਜ਼ੋਰ ਦਿੱਤਾ ਗਿਆ ਹੈ ਕਿ ਇੱਕ ਸੰਗਠਨ ਵਜੋਂ ਭਾਜਪਾ ਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਅਮਿਤ ਸ਼ਾਹ ਅਤੇ ਨਰਿੰਦਰ ਮੋਦੀ ਹਮੇਸ਼ਾ ਮਦਦ ਨਹੀਂ ਕਰ ਸਕਦੇ। ਲੇਖ ਵਿੱਚ ਕਿਹਾ ਗਿਆ ਹੈ, ''ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਵਿਧਾਨ ਸਭਾ ਪੱਧਰ ਦੀਆਂ ਚੋਣਾਂ ਵਿੱਚ ਹਮੇਸ਼ਾ ਮਦਦ ਨਹੀਂ ਕਰ ਸਕਦੇ ਅਤੇ ਸਥਾਨਕ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਲਈ ਦਿੱਲੀ ਵਿੱਚ ਪਾਰਟੀ ਦੇ ਮੁੜ ਗਠਨ ਤੋਂ ਇਲਾਵਾ ਕੋਈ ਬਦਲ ਨਹੀਂ ਹੈ।'' ਦਿੱਲੀ ਚੋਣਾਂ ਬਾਰੇ 'ਆਰਗੇਨਾਈਜ਼ਰ' ਨੇ ਲਿਖਿਆ ਹੈ ਕਿ ਸਾਲ 2015 ਤੋਂ ਬਾਅਦ ਭਾਜਪਾ ਦੀ ਜ਼ਮੀਨੀ ਪੱਧਰ 'ਤੇ ਖੁਦ ਦੇ ਬੁਨਿਆਦੀ ਪ੍ਰਬੰਧ ਮੁੜ ਸੁਰਜੀਤ ਕਰਨ ਤੇ ਚੋਣਾਂ ਦੇ ਆਖ਼ਰੀ ਦੌਰ ਵਿੱਚ ਪ੍ਰਚਾਰ ਨੂੰ ਸਿਖਰ 'ਤੇ ਲਿਜਾਣ ਵਿੱਚ ਨਾਕਾਮੀ ਚੰਗੀ ਤਰ੍ਹਾਂ ਲੜੀਆਂ ਗਈਆਂ ਚੋਣਾਂ ਵਿੱਚ ਮਿਲੀ ਅਸਫਲਤਾ ਦੇ ਕਾਰਣ ਰਹੇ।

# ਐਫ ਏ ਟੀ ਐਫ ਦਾ ਅਲਟੀਮੇਟਮ, ਜੂਨ ਤੱਕ ਪਾਕਿ ਨਾ ਸੁਧਰਿਆ ਤਾਂ ਬਲੈਕ ਲਿਸਟ ਹੋਵੇਗਾ



ਪੈਰਿਸ, 23 ਫਰਵਰੀ (ਪੋਸਟ ਬਿਊਰੋ)- ਅੱਤਵਾਦ ਦੀ ਪਨਾਹਗਾਹ ਪਾਕਿਸਤਾਨ ਦੀਆਂ ਸਾਰੀਆਂ ਪੈਂਤੜੇਬਾਜ਼ੀਆਂ ਇੱਕ ਵਾਰ ਫਿਰ ਫੇਲ ਸਾਬਿਤ ਹੋਈਆਂ ਹਨ। ਉਸ ਨੂੰ ਨਵੀਂ ਚਿਤਾਵਨੀ ਮਿਲ ਗਈ ਹੈ।

ਗਲੋਬਲ ਟੈਰਰ ਫੰਡਿੰਗ ਉੱਤੇ ਨਜ਼ਰ ਰੱਖਣ ਵਾਲੇ ਅਦਾਰੇ ਫਾਈਨਾਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਨੇ ਅੱਤਵਾਦ ਦੀ ਫੰਡਿੰਗ 'ਤੇ ਕਾਬੂ ਪਾਉਣ 'ਚ ਨਾਕਾਮੀ ਕਾਰਨ ਪਾਕਿ-ਸਤਾਨ ਨੂੰ ਅਗਲੇ ਚਾਰ ਮਹੀਨਿਆਂ ਤੱਕ ਸ਼ੱਕੀ ਸੂਚੀ ਵਿੱਚ ਰੱਖਣ ਦਾ ਫ਼ੈਸਲਾ ਕੀਤਾ ਹੈ। ਐਫ ਏ ਟੀ ਐਫ ਨੇ ਨਾਲ ਹੀ ਪਾਕਿਸਤਾਨ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਹ ਅੱਤਵਾਦ ਵਿਰੋਧੀ ਕਦਮਾਂ ਸਮੇਤ 23 ਸੂਤਰੀ ਐਕਸ਼ਨ ਪਲਾਨ ਨੂੰ ਪੂਰਾ ਨਹੀਂ ਕਰਦਾ ਤਾਂ ਉਹ ਨੂੰ ਕਾਲੀ ਸੂਚੀ ਵਿੱਚ ਪਾ ਦਿੱਤਾ ਜਾਵੇਗਾ। ਇਹ ਫੈਸਲਾ ਐਫ ਏ ਟੀ ਐਫ ਦੇ ਕੌਮਾਂਤਰੀ ਸਹਿਯੋਗ ਗੁੱਪ (ਆਈ ਸੀ ਆਰ ਜੀ) ਦੀ ਬੈਠਕ 'ਚ ਲਿਆ ਗਿਆ। ਸੂਤਰਾਂ ਨੇ ਦੱਸਿਆ ਕਿ ਪਾਕਿਸਤਾਨ ਆਉਂਦੀ ਜੂਨ ਤੱਕ 'ਸ਼ੱਕੀ ਸੂਚੀ' 'ਚ ਬਣਿਆ ਰਹੇਗਾ। ਐਫ ਏ ਟੀ ਐਫ ਨੇ ਆਪਣੇ ਮੈਬਰਾਂ ਨੂੰ ਪਾਕਿਸਤਾਨ ਦੇ ਸਾਰੇ ਕਾਰੋਬਾਰੀ ਰਿਸ਼ਤੇ ਅਤੇ ਵਿੱਤੀ ਲੈਣ ਦੇਣ 'ਤੇ ਨਜ਼ਰ ਰੱਖਣ ਨੂੰ ਵੀ ਕਿਹਾ ਹੈ।

ਪਾਕਿਸਤਾਨ ਦੀ ਇਮਰਾਨ ਖ਼ਾਨ ਦੀ ਅਗਵਾਈ ਵਾਲੀ ਸਰਕਾਰ ਨੇ ਜਨਤਾ ਨਾਲ ਵਾਅਦਾ ਕੀਤਾ ਸੀ ਕਿ ਉਹ ਫਰਵਰੀ ਵਿੱਚ ਐਫ ਏ ਟੀ ਐਫ ਦੀ ਸ਼ੱਕੀ ਸੂਚੀ 'ਚੋਂ ਬਾਹਰ ਨਿਕਲ ਜਾਵੇਗਾ। ਚੀਨ, ਮਲੇਸ਼ੀਆ ਅਤੇ ਤੁਰਕੀ (ਤੁੱਕਰੀ) ਦੀ ਮਦਦ ਨਾਲ ਪਾਕਿ ਇੱਕ ਵਾਰ ਫਿਰ 'ਬਲੈਕਲਿਸਟ' ਹੋਣ ਤੋਂ ਬਚ ਗਿਆ ਪਰ ਉਸ ਨੂੰ 'ਗ੍ਰੇ ਲਿਸਟ' ਤੋਂ ਬਚਾਉਣ ਲਈ 13 ਦੇਸ਼ਾਂ ਦੇ ਸਮਰਥਨ ਦੀ ਲੋੜ ਸੀ, ਜੋ ਉਸ ਨੂੰ ਨਹੀਂ ਮਿਲਿਆ।

# ਪ੍ਰਸ਼ਾਂਤ ਕਿਸ਼ੋਰ ਦਾ ਪ੍ਰੋਗਰਾਮ 'ਬਾਤ ਬਿਹਾਰ ਕੀ' ਪਹਿਲੇ ਦਿਨ ਹੀ ਹਿੱਟ



ਪਟਨਾ, 23 ਫਰਵਰੀ (ਪੋਸਟ ਬਿਊਰੋ)- ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦਾ ਪ੍ਰੋਗਰਾਮ 'ਬਾਤ ਬਿਹਾਰ ਕੀ' ਬਿਹਾਰ ਵਿੱਚ ਲਾਂਚ ਹੁੰਦਿਆਂ ਸਾਰ ਪਹਿਲੇ ਹੀ ਦਿਨ ਹਿੱਟ ਹੋ ਗਿਆ ਅਤੇ ਇਸ ਨਾਲ ਜੁੜਨ ਵਾਲੇ ਲੋਕਾਂ ਦੀ ਗਿਣਤੀ ਲੱਖਾਂ ਤੋਂ ਟੱਪ ਗਈ। ਇਹ ਪ੍ਰੋਗਰਾਮ ਉਨ੍ਹਾਂ ਲੋਕਾਂ ਦੀ ਰਜਿਸਟ੍ਰੇਸ਼ਨ ਦੇ ਨਾਲ ਸ਼ੁਰੂ ਹੋਇਆ, ਜਿਹੜੇ ਪ੍ਰੋਗਰਾਮ ਨਾਲ ਜੁੜ ਕੇ ਬਰਾਬਰ ਦੀ ਵਿਚਾਰਧਾਰਾ ਵਾਲੇ ਲੋਕਾਂ ਦੇ ਇੱਕ ਅਜਿਹੇ ਗਰੁੱਪ ਦਾ ਹਿੱਸਾ ਬਣਨਾ ਚਾਹੁੰਦੇ ਹਨ, ਜਿਹੜਾ ਅਗਲੇ 10-15 ਸਾਲਾਂ ਵਿੱਚ ਬਿਹਾਰ ਨੂੰ ਦੇਸ਼ ਦੇ ਸਿਖਰਲੇ 10 ਰਾਜਾਂ ਦੀ ਸ਼੍ਰੇਣੀ ਵਿੱਚ ਲਿਆ ਸਕੇ।

ਵੱਖ-ਵੱਖ ਚੋਣਾਂ ਵਿੱਚ ਵੱਖ-ਵੱਖ ਨੀਤੀਆਂ ਵਾਲੇ ਪਾਰਟੀਆਂ ਲਈ ਲੁਭਾਉਣੇ ਨਾਅਰੇ ਘੜਨ ਵਾਲੇ ਚੋਣ ਪ੍ਰਬੰਧਕ ਪ੍ਰਸ਼ਾਂਤ ਕਿਸ਼ੋਰ ਨੇ ਕੱਲ੍ਹ ਐਲਾਨ ਕੀਤਾ ਕਿ ਉਹ ਕੋਈ ਨਵੀਂ ਪਾਰਟੀ ਨਹੀਂ ਬਣਾਉਣ ਲੱਗੇ, ਉਹ ਸਿਰਫ਼ ਬਿਹਾਰ ਵਿੱਚ ਬਦਲਾਅ ਲਈ ਕੰਮ ਕਰਨਗੇ। ਜਨਤਾ ਦਲ ਯੂ ਦੇ ਉਪ ਪ੍ਰਧਾਨ ਰਹੇ ਪ੍ਰਸ਼ਾਂਤ ਕਿਸ਼ੋਰ ਨੇ ਇਸ ਪਾਰਟੀ ਵਿੱਚੋਂ ਕੱਢੇ ਜਾਣ ਦੇ ਬਾਵਜੂਦ ਪਾਰਟੀ ਪ੍ਰਧਾਨ ਨਿਤੀਸ਼ ਕੁਮਾਰ ਨੂੰ 'ਪਿਤਾ ਬਰਾਬਰ' ਦੱਸਿਆ। ਇਹ ਗੱਲ ਹੈਰਾਨੀ ਵਾਲੀ ਹੈ ਕਿ ਇਸ ਤੋਂ ਤੁਰੰਤ ਬਾਅਦ ਉਹ ਨਿਤੀਸ਼ ਸਰਕਾਰ 15 ਸਾਲਾ ਰਾਜ ਦੀਆਂ ਕਮੀਆਂ ਗਿਣਾਉਣ ਲੱਗੇ ਸਨ। ਪ੍ਰਸ਼ਾਂਤ ਨੇ ਲੋਕ ਫਤਵੇ ਦੇ ਉਲਟ ਭਾਜਪਾ ਨਾਲ ਮਿਲ ਕੇ ਸਰਕਾਰ ਬਣਾਉਣ 'ਤੇ ਨਿਤੀਸ਼ ਕੁਮਾਰ ਦੀ ਆਲੋਚਨਾ ਕੀਤੀ, ਪਰ ਜਨਤਾ ਦਲ (ਯੂ) ਨੇ ਪਲਟ ਵਾਰ ਕਰਦਿਆਂ ਕਿਹਾ ਸੀ ਕਿ ਪ੍ਰਸ਼ਾਂਤ ਕਿਸ਼ੋਰ ਦੀ ਅਜਿਹੀ ਹੈਸੀਅਤ ਨਹੀਂ ਕਿ ਉਹ ਸਵਾਲ ਖੜ੍ਹੇ ਕਰਨ।

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work - All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 I 416-509-7252 I +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ,ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 I 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW
AVTAR UPPAL Manager
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਐੱਨ.ਆਰ. ਆਈਜ਼ ਨੇ ਤੀਸਰਾ ਗੋਲਡ ਕਬੱਡੀ ਕੱਪ ਟੂਰਨਾਮੈਂਟ ਕਰਵਾਇਆ







ਕਪੂਰਥਲਾ ਤੇ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਐਮ ਐਲ ਏ ਸ਼ਾਹਕੋਟ ਪੁੱਜੇ। ਕੈਨੇਡਾ ਤੋਂ ਬੰਤ ਨਿੱਝਰ, ਜਗਦੀਸ਼ ਗਰੇਵਾਲ, ਜਗਦੀਪ ਦਿਓ,ਮੇਜਰ ਸਿੰਘ ਨੱਤ, ਜੀਤਾ ਨੱਤ, ਸੁਲੱਖਣ ਨੱਤ, ਸੇਠੀ ਦਿਓ, ਜੁਗਰਾਜ ਸਿੱਧੂ, ਰਾਣਾ ਸਿੱਧੂ, ਅਮਰੀਕਾ ਤੋਂ ਜਸਵੀਰ ਦਿਓ, ਕਰਮਜੀਤ ਦਿਓ , ਜਸਵੰਤ ਦਿਓ ਆਦਿ ਪੁੱਜੇ ਹੋਏ ਸਨ।ਅੰਤਰਰਾਸ਼ਟਰੀ ਕਬੱਡੀ ਕੁਮੈਂਟੇਟਰ ਰੁਪਿੰਦਰ ਜਲਾਲ, ਅਮਰੀਕ ਖੋਸਾ ਕੋਟਲਾ, ਆਲਮਗੀਰ ਦਿਆਲਪੁਰ, ਮਿੱਠਾ ਦਰੀਏਵਾਲ, ਤਾਰਾ ਕਿਸ਼ਨਪੁਰਾ, ਰੋਜੀ ਖੈਹਿਰਾ, ਰਿੰਕਾ ਮੋਸਾਹਿਬ, ਜੀ.ਐਸ. ਕਲੇਰ, ਰਾਜਨ ਕਲਿਆਣ, ਮਨਦੀਪ ਕਾਲੀਏ, ਹਰਦੀਪ ਰੰਧਾਵਾ, ਦਿਲਸ਼ਾਦ ਈਸੀ, ਗੋਪੀ ਕੈਲੋ ਅਤੇ ਨੋਨੀ ਕੁਠਾਲਾ ਨੇ ਕੁਮੈਂਟਰੀ ਕੀਤੀ।

ਕਪੂਰਥਲਾ, 23 ਫਰਵਰੀ (ਗਿਆਨ ਸਿੰਘ): ਐਨ ਆਰ ਆਈਜ ਵਲੋਂ ਗੁਰੂ ਨਾਨਕ ਸਟੇਡੀਅਮ ਕਪੂਰਥਲਾ ਵਿਖੇ ਸਵਰਗੀ ਅਮਰਜੀਤ ਬਾਊ ਵਿਰਕ ਕੈਨੇਡਾ, ਸੰਨਦੀਪ ਸਿੰਘ ਧਾਲੀਵਾਲ ਯੂ ਐਸ ਏ ਤੇ ਜੈ ਪ੍ਰਾਪ ਸਿੱਧੂ ਦੀ ਯਾਦ ਵਿਚ ਤੀਸਰਾ ਗੋਲਡ ਕਬੱਡੀ ਕੱਪ ਟੂਰਨਾਮੈਂਟ ਕਰਵਾਇਆ ਗਿਆ । ਜਿਸ ਵਿਚ ਪੰਜਾਬ ਕਬੱਡੀ ਅਕੈਡਮੀਜ਼ ਐਸੋਸੀਏਸ਼ਨ ਦੀਆਂ 8 ਅਕੈਡਮੀਆਂ ਦੇ ਕਰਵਾਏ 7 ਮੈਚਾਂ ਵਿੱਚ ਧਾਵੀਆਂ ਨੇ ਕੁੱਲ 406 ਕਬੱਡੀਆਂ ਪਾ ਕੇ 302 ਅੰਕ ਪ੍ਰਾਪਤ ਕੀਤੇ ਅਤੇ ਜਾਫੀਆਂ ਨੇ ਕੁੱਲ 104 ਜੱਫੇ ਲਾਏ।

ਪਹਿਲੇ ਨੰਬਰ 'ਤੇ ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਕਬੱਡੀ ਕਲੱਬ ਫਤਿਹਗੜ੍ਹ ਸਾਹਿਬ ਨੇ 33.5 ਅੰਕ ਲੈ ਕੇ ਡੇਢ ਲੱਖ ਰੁਪਏ ਅਤੇ ਦੂਜੇ ਨੰਬਰ 'ਤੇ ਚੜ੍ਹਦੀਕਲਾ, ਯੂਥ ਕਬੱਡੀ ਕਲੱਬ ਜਲੰਧਰ ਨੇ 23 ਅੰਕ ਲੈ ਕੇ ਇੱਕ ਲੱਖ ਰੁਪਏ ਜਿੱਤੇ।

ਵਧੀਆ ਧਾਵੀ ਸਿਮਰਨ ਕੰਗ ਅਤੇ ਰਾਜੂ ਕੋਟਲਾ ਭੜੀ ਸਾਂਝੇ ਅਤੇ ਵਧੀਆ ਜਾਫੀ ਗੁਰਦਿੱਤ ਕਿਸ਼ਨਗੜ੍ਹ ਚੁਣੇ ਗਏ । ਵਧੀਆ ਧਾਵੀ ਅਤੇ ਜਾਫੀ ਨੂੰ ਇਕ-ਇਕ ਮੋਟਰਸਾਈਕਲ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਫਾਈਨਲ ਮੈਚ ਵਿੱਚ ਫਤਿਹਗੜ੍ਹ ਸਾਹਿਬ ਦੀ ਟੀਮ ਵੱਲੋਂ ਸਿਮਰਨ ਕੰਗ ਨੇ 10 ਕਬੱਡੀਆਂ ਪਾ ਕੇ 9 ਅੰਕ ਪ੍ਰਾਪਤ ਕੀਤੇ। ਉਸ ਦੀ 5ਵੀਂ ਕਬੱਡੀ 'ਤੇ ਚੜ੍ਹਦੀਕਲਾ, ਯੂਥ ਕਬੱਡੀ ਕਲੱਬ ਜਲੰਧਰ ਟੀਮ ਦੇ ਜਾਫੀ ਮਨਦੀਪ ਕੱਚਾ-ਪੱਕਾ ਨੇ ਇਕ ਜੱਫਾ ਲਾਇਆ। ਰਾਜੂ ਕੋਟਲਾ ਭੜੀ ਨੇ 9 ਕਬੱਡੀਆਂ ਪਾ ਕੇ 8 ਅੰਕ ਪ੍ਰਾਪਤ ਕੀਤੇ। ਉਸ ਦੀ ਤੀਜੀ ਕਬੱਡੀ 'ਤੇ ਸੀਤਾ ਪੱਤੜ ਨੇ ਇਕ ਜੱਫਾ ਲਾਇਆ। ਮੰਗੂ ਬਡਵਾਲੀ ਨੇ 5 ਕਬੱਡੀਆਂ ਪਾ ਕੇ 4 ਅੰਕ ਪ੍ਰਾਪਤ ਕੀਤੇ। ਉਸ ਦੀ 5ਵੀਂ ਕਬੱਡੀ 'ਤੇ ਹਰਮਨ ਜਲਾਲਪੁਰ ਨੇ ਇਕ ਜੱਫਾ ਲਾਇਆ। ਪਿੰਦੂ ਦਤਾਲ ਨੇ 4 ਕਬੱਡੀਆਂ ਪਾ ਕੇ ਇਕ ਅੰਕ ਪ੍ਰਾਪਤ ਕੀਤਾ। ਉਸ ਦੀ ਪਹਿਲੀ ਕਬੱਡੀ 'ਤੇ ਗੋਪੀ ਤੇਜਾ ਸਿੰਘ ਵਾਲਾ ਨੇ ਇਕ ਜੱਫਾ, ਤੀਜੀ ਅਤੇ ਚੌਥੀ ਕਬੱਡੀ 'ਤੇ ਮਨਦੀਪ ਕੱਚਾ-ਪੱਕਾ ਨੇ ਦੋ ਜੱਫੇ ਲਾਏ। ਦੂਜੇ ਪਾਸੇ ਚੜ੍ਹਦੀਕਲਾ, ਯੂਥ ਕਬੱਡੀ ਕਲੱਬ ਜਲੰਧਰ ਟੀਮ ਵੱਲੋਂ ਰਮਨਾ ਭਿੰਡਰ ਕਲਾਂ ਨੇ 7 ਕਬੱਡੀਆਂ ਪਾ ਕੇ 6 ਅੰਕ, ਸੱਤ ਤੂਤ ਨੇ 7 ਕਬੱਡੀਆਂ ਪਾ ਕੇ 4 ਅੰਕ, ਸੁਖ ਹਰਦਾਸਾ ਨੇ 4, ਜੱਸਾ ਪਰਸਰਾਮਪੁਰ ਨੇ 6 ਕਬੱਡੀਆਂ ਪਾ ਕੇ 3-3 ਅੰਕ, ਸੀਲਾ ਕੰਧਾਲਾ ਗੁਰੂ ਨੇ 2 ਕਬੱਡੀਆਂ ਪਾ ਕੇ ਇਕ ਅੰਕ ਪ੍ਰਾਪਤ ਕੀਤਾ। ਤਾਬਾ ਸੁਰ ਸਿੰਘ ਨੇ 2 ਕਬੱਡੀਆਂ ਪਾਈਆਂ, ਪਰ ਅੰਕ ਲੈਣ ਵਿੱਚ ਕਾਮਯਾਬ ਨਹੀਂ ਹੋ ਸਕਿਆ। ਫਤਿਹਗੜ੍ਹ ਸਾਹਿਬ ਟੀਮ ਦੇ ਜਾਫੀ ਗੁਰਦਿੱਤ ਕਿਸ਼ਨਗੜ੍ਹ ਨੇ 8 ਜੱਫੇ, ਗੋਪੀ ਮਾਣਕੀ ਨੇ 2 ਜੱਫੇ ਅਤੇ ਜੱਟ ਲਾਟੋਂ ਨੇ ਇਕ ਜੱਫਾ ਲਾ ਕੇ ਇਹ ਮੈਚ ਫਤਿਹਗੜ੍ਹ ਸਾਹਿਬ ਦੀ ਟੀਮ ਨੇ 10 ਅੰਕਾਂ ਦੇ ਫਰਕ ਨਾਲ ਜਿੱਤ ਲਿਆ।

ਸੈਮੀਫਾਈਨਲ ਵਿੱਚ ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਕਬੱਡੀ ਕਲੱਬ ਫਤਿਹਗੜ੍ਹ ਸਾਹਿਬ ਨੇ ਬਾਬਾ ਹੁੰਦਾਲ ਕਲੱਬ ਬੋਪਾਰਾਏ ਨੂੰ 11 ਅੰਕਾਂ ਦੇ ਫਰਕ ਨਾਲ ਅਤੇ ਚੜ੍ਹਦੀਕਲਾ, ਯੂਥ ਕਬੱਡੀ ਕਲੱਬ ਜਲੰਧਰ ਨੇ ਜੋਬਨ ਕਬੱਡੀ ਕਲੱਬ ਅਮਰੀਕਾ ਨੂੰ 14 ਅੰਕਾਂ ਦੇ ਫਰਕ ਨਾਲ ਹਰਾਇਆ।

ਪਹਿਲੇ ਰਾਊਂਡ ਵਿੱਚ ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਕਬੱਡੀ ਕਲੱਬ ਫਤਿਹਗੜ੍ਹ ਸਾਹਿਬ ਨੇ ਸੰਤ ਬਾਬਾ ਈਸ਼ਰ ਸਿੰਘ ਕਬੱਡੀ ਕਲੱਬ ਰਾੜਾ ਸਾਹਿਬ, ਦਸ਼ਮੇਸ਼ ਕਬੱਡੀ ਕਲੱਬ ਕਾਲਖ ਨੂੰ 9 ਅੰਕਾਂ ਦੇ ਫਰਕ ਨਾਲ, ਚੜ੍ਹਦੀਕਲਾ, ਯੂਥ ਕਬੱਡੀ ਕਲੱਬ ਜਲੰਧਰ ਨੇ ਬਾਬਾ ਫਤਿਹ ਸਿੰਘ ਕਬੱਡੀ ਕਲੱਬ ਘੁੱਗਸੋਰ ਨੂੰ 14 ਅੰਕਾਂ ਦੇ ਫਰਕ ਨਾਲ, ਬਾਬਾ ਹੁੰਦਾਲ ਕਲੱਬ ਬੋਪਾਰਾਏ ਨੇ ਸ਼ੰਕਰਾਪੁਰੀ ਕਬੱਡੀ ਕਲੱਬ ਸਾਧੂਵਾਲਾ ਨੂੰ 4 ਅੰਕਾਂ ਦੇ ਫਰਕ ਨਾਲ ਅਤੇ ਜੋਬਨ ਕਬੱਡੀ ਕਲੱਬ ਅਮਰੀਕਾ ਨੇ ਗੁਰਦੁਆਰਾ ਸੁਖਚੈਨ ਸਾਹਿਬ ਕਬੱਡੀ ਕਲੱਬ ਫਗਵਾੜਾ ਨੂੰ 4 ਅੰਕਾਂ ਦੇ ਫਰਕ ਨਾਲ ਹਰਾਇਆ।

ਇਸ ਮੌਕੇ ਖਿਡਾਰੀਆਂ ਨੂੰ ਅਸੀਰਵਾਦ ਦੇਣ ਲਈ ਰਾਣਾ ਗੁਰਜੀਤ ਸਿੰਘ ਐਮ ਐਲ ਏ





ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:

647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

## Security Jobs - Security Guard Training - Licensing

GF1 Security Services

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
Canadian Red Cross Training Partner

amar™ INTERMODAL • TRANSPORT • STORAGE

HIRING DRIVERS for Ontario and Montreal

Hiring Owner Operators Drivers
1 Year Prior Experience
Flexible in time
Good Salary

Contact Now
P: 905-893-2270 Ext 121
F: 905-893-9545
E: info@amartransport.com
W: www.amartransport.com

Lanes
Toronto local work
Montreal local work
Montreal Toronto highway work

7290 Major Mackenzie Drive Kleinberg, Ont. L0J 1C0

Call for Free Estimates

A-1 RENOVATION GTA INC

416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com

$1,000

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage

Kulwinder Chhina
SALES REPRESENTATIVE
647.293.2327
www.Kulwinderchhina.com

## CELLNTELL DISTRIBUTION INC
## 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $57 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL

KARAM SINGH PUNIAN
Sales Representative

For all your Real Estate Need Call
416.262.2600
Email: karampunian@gmail.com

HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆ

## ਮੈਨੂੰ ਪਾਣੀ ਤੋਂ ਬੜਾ ਫੋਬੀਆ ਹੈ, ਡੂੰਘੇ ਪਾਣੀ ਵਿੱਚ ਨਹੀਂ ਉਤਰ ਸਕਦਾ : ਵਿਕੀ ਕੌਸ਼ਲ



ਵਿੱਕੀ ਕੌਸ਼ਲ ਸੰਘਰਸ਼ ਦੇ ਦਿਨਾਂ ਨੂੰ ਨਾ ਸਿਰਫ ਪਿੱਛੇ ਛੱਡਦੇ ਹੋਏ ਅੱਗੇ ਵਧ ਰਹੇ ਹਨ, ਬਲਕਿ ਬਾਲੀਵੁੱਡ ਵਿੱਚ ਚੋਣਵੀਆਂ ਫਿਲਮਾਂ ਕਰਨ ਦੀ ਹਾਲਤ ਵਿੱਚ ਆ ਗਏ ਹਨ। ਇਹੋ ਕਾਰਨ ਹੈ ਕਿ ਇੱਕ ਪਾਸੇ ਉਹ ਹਾਰਰ ਜੋਨਰ ਦੀ 'ਭੂਤ' ਤਾਂ ਦੂਸਰੇ ਪਾਸੇ 'ਤਖਤ' ਅਤੇ ਸਰਦਾਰ ਊਧਮ ਸਿੰਘ 'ਤੇ ਬਣਨ ਵਾਲੀ ਇਤਿਹਾਸਕ ਅਤੇ ਬਾਇਓਪਿਕ ਫਿਲਮਾਂ ਕਰ ਰਹੇ ਹਨ। ਕਦੇ ਹਨੇਰੇ ਤੋਂ ਡਰਨ ਵਾਲੇ ਵਿਕੀ ਕੌਸ਼ਲ ਨਾਲ ਮੁਲਾਕਾਤ ਹੋਣ 'ਤੇ ਉਨ੍ਹਾਂ ਦੇ ਫੋਬੀਆ ਸਮੇਤ ਹੋਰ ਗੱਲਾਂ ਜਾਨਣ ਨੂੰ ਮਿਲੀਆਂ। ਪੇਸ਼ ਹਨ ਵਿੱਕੀ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਹਾਰਰ ਜੋਨਰ ਵਿੱਚ ਕਦਮ ਰੱਖਣ ਦਾ ਮੇਨ ਮਕਸਦ ਕੀ ਰਿਹਾ?

– ਪਹਿਲੀ ਗੱਲ ਤਾਂ ਖੁਦ ਦੇ ਡਰ ਨਾਲ ਲੜਨਾ ਸੀ, ਕਿਉਂਕਿ ਮੈਂ ਖੁਦ ਹਾਰਰ ਫਿਲਮਾਂ ਦੇਖਣ ਤੋਂ ਬਹੁਤ ਡਰਦਾ ਹਾਂ। ਮੈਨੂੰ ਇੰਝ ਲੱਗਾ ਕਿ ਚਲੋ ਫਿਰ ਕੰਮ ਕਰਾਂਗਾ ਤਾਂ ਡਰ ਘੱਟ ਹੋ ਜਾਏਗਾ। ਮੈਨੂੰ ਲੱਗਦਾ ਹੈ ਕਿ ਹਾਰਰ ਜੋਨਰ ਬਾਲੀਵੁੱਡ ਵਿੱਚ ਕਈ ਸਾਲਾਂ ਤੋਂ ਟਰਾਈ ਨਹੀਂ ਹੋਇਆ। ਦੂਸਰੀ ਗੱਲ ਧਰਮਾ ਪ੍ਰੋਡਕਸ਼ਨ ਤੋਂ ਐਕਸੈਪਟ ਨਹੀਂ ਕਰਦੇ ਕਿ ਹਾਰਰ ਜੋਨਰ ਦੀ ਫਿਲਮ ਆਏਗੀ। ਜਦ ਉਥੋਂ ਇਸ ਦੀ ਆਫਰ ਆਈ ਤਾਂ ਲੱਗਾ ਕਿ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਦੀ ਸਕ੍ਰਿਪਟ ਪੜ੍ਹਦੇ ਸਮੇਂ ਮੈਨੂੰ ਬਹੁਤ ਡਰ ਲੱਗਾ। ਜਦ ਸਕ੍ਰਿਪਟ ਇੰਨੀ ਡਰਾਉਣੀ ਹੈ ਤਾਂ ਫਿਲਮ ਹੋਰ ਡਰਾਏਗੀ। ਉਸ ਦੇ ਬਾਅਦ ਮੈਂ ਡਾਇਰੈਕਟਰ ਭਾਨੂ ਪ੍ਰਤਾਪ ਸਿੰਘ, ਸ਼ਸ਼ਾਂਕ ਖੇਤਾਨ ਤੇ ਕਰਣ ਜੌਹਰ ਨੂੰ ਮਿਲਿਆ। ਇਸ ਫਿਲਮ ਨੂੰ ਬਹੁਤ ਠੋਸ ਤਰੀਕੇ ਨਾਲ ਬਣਾਉਣ ਦੀ ਕੋਸ਼ਿਸ਼ ਸੀ। ਲੱਗਾ ਕਿ ਨਵਾਂ ਪ੍ਰੋਸੈਸ ਹੈ। ਸਿਨੇਮਾ ਨੂੰ ਨਵਾਂ ਗਰਾਮਰ ਸਿੱਖਣ ਨੂੰ ਮਿਲੇਗਾ। ਨਵਾਂ ਕਰਨ ਦੀ ਇੱਛਾ ਇਸ ਫਿਲਮ ਨਾਲ ਪੂਰੀ ਹੋ ਗਈ। ਇਸ ਲਈ ਇਹ ਫਿਲਮ ਕਰਨ ਦੀ ਹਾਮੀ ਭਰ ਦਿੱਤੀ।

* ਅਜੇ ਹਾਰਰ ਫਿਲਮਾਂ ਦਾ ਇੰਨਾ ਦੌਰ ਨਹੀਂ ਹੈ। ਅਜਿਹੇ ਵਿੱਚ ਤੁਹਾਨੂੰ ਨਵੀਂ ਚੀਜ਼ ਟਰਾਈ ਕਰਨ ਵਿੱਚ ਡਰ ਜਾਂ ਰਿਸਕ ਨਹੀਂ ਲੱਗਾ?

– ਮੈਨੂੰ ਬਿਲਕੁਲ ਰਿਸਕ ਲੱਗਾ। ਮੈਨੂੰ ਅਜੇ ਵੀ ਲੱਗਦਾ ਹੈ ਕਿ ਇਹ ਰਿਸਕ ਹੈ, ਪਰ ਇਹ ਬਹੁਤ ਸਹੀ ਸਮੇਂ 'ਤੇ ਰਿਸਕ ਲੈਣ ਵਾਲੀ ਗੱਲ ਹੈ। ਇਹ ਦੌਰ ਅਜਿਹਾ ਹੈ, ਜਿੱਥੇ ਅਸੀਂ ਦਰਸ਼ਕਾਂ ਨੂੰ ਨਵੀਆਂ ਚੀਜ਼ਾਂ ਦੇਣਾ ਚਾਹ ਰਹੇ ਹਾਂ। ਦਰਸ਼ਕ ਵੀ ਐਕਟਰ, ਡਾਇਰੈਕਟਰ, ਪ੍ਰੋਡਿਊਸਰ ਤੋਂ ਨਵੀਆਂ ਚੀਜ਼ਾਂ ਦੀ ਆਸ ਕਰਦੇ ਹਨ। ਇਹ ਫਿਲਮ ਦੇਖ ਕੇ ਦਰਸ਼ਕਾਂ ਨੂੰ ਲੱਗੇਗਾ ਕਿ ਇਹ ਕੀ ਹੋ ਗਿਆ। ਦਰਸ਼ਕਾਂ ਨੂੰ ਇੰਟਰਟੇਨਮੈਂਟ ਚਾਹੀਦਾ ਹੈ, ਕਿਉਂਕਿ ਉਹ ਇੰਟਰਟੇਨ ਹੋਣਾ ਚਾਹੁੰਦੀ ਹੈ। ਹਾਰਰ ਫਿਲਮ ਨੂੰ ਥੀਏਟਰ ਵਿੱਚ ਦੋਸਤਾਂ ਨਾਲ ਬੈਠ ਕੇ ਦੇਖਣ ਦਾ ਮਜ਼ਾ ਹੀ ਹੋਰ ਹੈ। ਨਾਲ ਡਰਨ ਦਾ ਮਜ਼ਾ ਹੀ ਅਲੱਗ ਆਉਂਦਾ ਹੈ। ਇਹ ਬਹੁਤ ਮਨੋਰੰਜਨ ਭਰਪੂਰ ਫਿਲਮ ਹੈ। ਮੈਨੂੰ ਲੱਗਦਾ ਹੈ ਕਿ ਹਾਰਰ ਜੋਨਰ ਥੀਏਟਰ ਐਕਸਪੀਰੀਅੰਸ ਦੇ ਲਈ ਹੀ ਬਣਿਆ ਹੈ। ਇਸ ਵਿੱਚ ਡਰ ਵੀ ਲੱਗਦਾ ਹੈ ਅਤੇ ਨਾਲ ਹਾਸਾ ਆਉਂਦਾ ਹੈ। ਲੱਗਦਾ ਹੈ ਕਿ ਇਸ ਫਿਲਮ ਦਾ ਇੰਟਰਟੇਮੈਂਟ ਲੈਵਲ ਬਹੁਤ ਹਾਈ ਹੈ।

* ਕਿਸ ਚੀਜ਼ ਤੋਂ ਤੁਹਾਨੂੰ ਸਭ ਤੋਂ ਜ਼ਿਆਦਾ ਡਰ ਲੱਗਦਾ ਹੈ?

– ਮੈਨੂੰ ਪਾਣੀ ਤੋਂ ਬੜਾ ਫੋਬੀਆ ਹੈ। ਮੈਂ ਡੂੰਘੇ ਪਾਣੀ ਵਿੱਚ ਨਹੀਂ ਉਤਰ ਸਕਦਾ। ਟਾਈਟੈਨਿਕ ਤਾਂ ਰੋਮਾਂਟਿਕ ਫਿਲਮ ਸੀ, ਪ੍ਰੰਤੂ ਬਚਪਨ ਵਿੱਚ ਉਸ ਨੂੰ ਦੇਖਦੇ ਸਮੇਂ ਬਹੁਤ ਡਰ ਲੱਗਦਾ ਸੀ। ਇਸ ਫਿਲਮ ਵਿੱਚ ਵੀ ਅੰਡਰ ਵਾਟਰ ਬਹੁਤ ਸੀਕਵੈਂਸ ਸੀਨ ਹਨ। ਇਸ ਦੇ ਲਈ ਬਹੁਤ ਟਰੇਨਿੰਗ ਲੈਣੀ ਪਈ। ਡਰ ਖਤਮ ਕਰਨਾ ਪਿਆ, ਫਿਰ ਵੀ ਜਦ ਐਕਟਿੰਗ ਕਰ ਰਿਹਾ ਸੀ, ਤਾਂ ਡਰ-ਡਰ ਕੇ ਐਕਟਿੰਗ ਕਰਨੀ ਪਈ। ਬਚਪਨ ਵਿੱਚ ਹਨੇਰੇ ਤੋਂ ਬਹੁਤ ਹੀ ਡਰ ਲੱਗਦਾ ਸੀ। ਖੈਰ, ਉਹ ਡਰ ਤਾਂ ਨਿਕਲ ਚੁੱਕਾ ਹੈ, ਪਰ ਅਜੇ ਵੀ ਪਾਣੀ ਤੋਂ ਬਹੁਤ ਡਰ ਲੱਗਦਾ ਹੈ।

* ਪਹਿਲਾਂ ਦੀਆਂ ਹਾਰਰ ਫਿਲਮਾਂ ਵਿੱਚ ਦੌੜਦੀਆਂ ਬਿੱਲੀਆਂ, ਖੜਕਦੇ ਦਰਵਾਜ਼ੇ, ਹਨੇਰਾ ਭਰਿਆ ਸੰਨਾਟਾ ਆਦਿ ਹੁੰਦਾ ਸੀ। ਇਸ ਵਿੱਚ ਕੀ ਨਵਾਂ ਹੈ, ਜਿਸ ਤੋਂ ਦਰਸ਼ਕ ਡਰਨਗੇ?

– ਜ਼ਿਆਦਾਤਰ ਡਰਾਉਣੀਆਂ ਫਿਲਮਾਂ ਕਿਲ੍ਹੇ ਵਿੱਚ ਹੁੰਦੀਆਂ ਸਨ, ਪਿਓ-ਦਾਦੇ ਦੀ ਜ਼ਮੀਨ 'ਤੇ ਸੌ ਸਾਲ ਪੁਰਾਣੇ ਘਰ ਵਿੱਚ ਹੁੰਦੀਆਂ ਸਨ, ਜਿੱਥੇ ਲੜਕਾ ਵਾਪਸ ਜਾਂਦਾ ਹੈ ਅਤੇ ਉਥੇ ਕੁਝ ਆਤਮਾਵਾਂ ਘੁੰਮ ਰਹੀਆਂ ਹਨ। ਇਨ੍ਹਾਂ ਸਭ ਤੋਂ ਇਸ ਦੀ ਜੀਓਗ੍ਰਾਫੀ ਬਿਲਕੁਲ ਅਲੱਗ ਹੈ। ਇਹ 10 ਮੰਜ਼ਿਲਾ ਸ਼ਿਪ ਦੀ ਕਹਾਣੀ ਹੈ, ਉਸ ਵਿੱਚ 300 ਕਮਰੇ ਹਨ। ਕਿਤੇ ਇੰਜਣ ਰੂਮ ਤਾਂ ਕਿਤੇ ਪੰਪ ਰੂਮ ਹੈ, ਕਿਤੇ ਮੈਡੀਕਲ ਰੂਮ ਤਾਂ ਕਿਤੇ ਗੇਮ ਰੂਮ ਹੈ। ਦਰਅਸਲ 2011 ਵਿੱਚ ਜੁਹੂ ਬੀਚ 'ਤੇ ਇੱਕ ਸ਼ਿਪ ਆਈ ਸੀ ਐ ਉਸ ਸ਼ਿਪ ਵਿੱਚ ਇੱਕ ਇਨਸਾਨ ਵੀ ਨਹੀਂ ਸੀ, ਫਿਰ ਵੀ ਉਹ ਆਪਣੇ ਆਪ ਤਰਦੀ ਹੋਈ ਆਈ ਸੀ। ਉਸ ਵਿੱਚ ਕੁਝ ਹਾਂਟਿਡ ਨਹੀਂ ਹੋਇਆ ਸੀ, ਪਰ ਉਸ ਤੋਂ ਇੱਕ ਐਕਸਪ੍ਰੈਸ਼ਨ ਲਿਆ ਕਿ ਜੇ ਕੋਈ ਅਜਿਹੀ ਸ਼ਿਪ ਵਿੱਚ ਫਸ ਜਾਏਗਾ ਤਾਂ ਕੀ ਹੋਵੇਗਾ। ਫਿਰ ਫਿਲਮ ਮੇਕਰਸ ਨੇ ਸੋਚਿਆ ਕਿ ਜੇ ਕੋਈ ਸ਼ਿਪ ਵਿੱਚ ਫਸ ਜਾਏ ਤੇ ਉਸ ਵਿੱਚ ਭੂਤ ਹੋਵੇ ਤਾਂ ਕੀ ਹੋਵੇਗਾ। ਇੰਝ ਬਣਾਈ ਗਈ ਇਹ ਫਿਲਮ। ਇਸ ਵਿੱਚ ਜ਼ਬਰਦਸਤੀ ਦੇ ਗਾਣੇ ਨਹੀਂ ਹਨ। ਰੋਮਾਂਟਿਕ ਐਂਗਲ ਨਹੀਂ ਦਿੱਤਾ ਗਿਆ ਹੈ ਅਤੇ ਨਾ ਹੀ ਐਕਸ਼ਨ ਦਿੱਤਾ ਗਿਆ ਹੈ।

* 'ਰਮਨ ਰਾਘਵਨ' ਦੀ ਤਿਆਰੀ ਦੇ ਲਈ ਤੁਸੀਂ ਖੁਦ ਨੂੰ ਕਮਰੇ ਵਿੱਚ ਬੰਦ ਕਰ ਲਿਆ ਸੀ। ਇਸ ਫਿਲਮ ਦੇ ਲਈ ਕੁਝ ਖਾਸ ਤਿਆਰੀ ਕੀਤੀ?

– ਇਸ ਦੇ ਲਈ ਵੱਖ ਤਰ੍ਹਾਂ ਦੀ ਤਿਆਰੀ ਕਰਨੀ ਪਈ। ਇਸ ਦੇ ਲਈ ਟੈਕਨੀਕਲ ਜਾਣਕਾਰੀ ਹਾਸਲ ਕਰਨੀ ਸੀ। ਜਿਵੇਂ ਕਿ ਸ਼ਿਪ ਵਿੱਚ ਸ਼ੂਟ ਕਰਦੇ ਸਮੇਂ ਲਾਈਟ ਹੁੰਦੀ ਹੈ, ਪਰ ਪੋਸਟ ਦੇ ਸਮੇਂ ਹਨੇਰਾ ਕਰ ਦਿੰਦੇ ਹਨ। ਉਜਾਲੇ ਵਿੱਚ ਐਕਟਿੰਗ ਅਜਿਹੀ ਕਰਨੀ ਪੈਂਦੀ ਹੈ ਕਿ ਜਿਵੇਂ ਤੁਹਾਨੂੰ ਕੁਝ ਦਿਖਾਈ ਹੀ ਨਹੀਂ ਦੇ ਰਿਹਾ, ਜਦ ਕਿ ਦਿਖਾਈ ਸਭ ਦੇ ਰਿਹਾ ਹੁੰਦਾ ਹੈ। ਇਹ ਗੱਲਾਂ ਪਹਿਲਾਂ ਤੋਂ ਨਹੀਂ, ਬਲਕਿ ਸੈੱਟ 'ਤੇ ਜਾਣ ਦੇ ਬਾਅਦ ਪਤਾ ਲੱਗਦੀਆਂ ਹਨ। ਇਹ ਟੈਕਨੀਕਲ ਚੀਜ਼ ਹੈ।ਕਈ ਵਾਰ ਭੂਤ ਦਾ ਸੀਨ ਕ੍ਰਿਏਟ ਕਰਨ ਦੇ ਲਈ ਭੂਤ ਨੂੰ ਇਮੈਜਿਨ ਕਰਨਾ ਪੈਂਦਾ ਸੀ। ਇਹ ਮੇਰੇ ਲਈ ਨਵਾਂ ਗਰਾਮਰ ਸੀ।

* ਅੱਗੇ ਤੁਹਾਡੀਆਂ ਕਿਹੜੀਆਂ-ਕਿਹੜੀਆਂ ਫਿਲਮਾਂ ਦੇਖਣ ਨੂੰ ਮਿਲਣਗੀਆਂ?

– 21 ਫਰਵਰੀ ਨੂੰ ਤਾਂ 'ਭੂਤ' ਹੀ ਲੱਗੇਗੀ। ਫਿਰ ਸੁਜੀਤ ਸਰਕਾਰ ਦੀ ਸਰਦਾਰ ਊਧਮ ਸਿੰਘ 'ਤੇ ਬਣਨ ਵਾਲੀ ਫਿਲਮ ਹੈ। ਊਧਮ ਸਿੰਘ ਫ੍ਰੀਡਮ ਫਾਈਟਰ ਸਨ। ਉਸ ਦੇ ਬਾਅਦ ਕਰਣ ਜੌਹਰ ਦੀ 'ਤਖਤ' ਹੋਵੇਗੀ। ਇਸ ਦੇ ਬਾਅਦ ਮੇਘਨਾ ਗੁਲਜ਼ਾਰ ਦੀ ਫਿਲਮ ਹੈ।


## ਕਿਆਰਾ ਨੇ ਕਾਰ ਵਿੱਚ ਸਵੀਕਾਰ ਕੀਤੀ ਸੀ 'ਗਿਲਟੀ'



ਪਿਛਲੇ ਸਾਲ 'ਕਬੀਰ ਸਿੰਘ' ਅਤੇ 'ਗੁੱਡ ਨਿਊਜ਼' ਵਰਗੀਆਂ ਸੁਪਰਹਿੱਟ ਫਿਲਮਾਂ ਵਿੱਚ ਨਜ਼ਰ ਆਉਣ ਵਾਲੀ ਕਿਆਰਾ ਅਡਵਾਨੀ ਵੱਡੇ ਪਰਦੇ ਦੇ ਨਾਲ ਡਿਜੀਟਲ ਪਲੇਟਫਾਰਮ 'ਤੇ ਵੀ ਸਰਗਰਮ ਹੈ। ਉਹ ਨੈਟਫਲਿਕਸ ਦੀ ਅਗਲੀ ਫਿਲਮ 'ਗਿਲਟੀ' ਵਿੱਚ ਨਜ਼ਰ ਆਵੇਗੀ। ਦੋ ਸਾਲ ਪਹਿਲਾਂ ਉਹ 'ਲਸਟ ਸਟੀਰੋਜ਼' ਵਿੱਚ ਵੀ ਨਜ਼ਰ ਆ ਚੁੱਕੀ ਹੈ। ਮੁੰਬਈ 'ਚ ਫਿਲਮ 'ਗਿਲਟੀ' ਦੇ ਟ੍ਰੇਲਰ ਲਾਂਚ ਮੌਕੇ ਕਿਆਰਾ ਨੇ ਦੱਸਿਆ ਕਿ ਕਰਣ ਜੌਹਰ ਨੇ ਉਸ ਨੂੰ ਇਸ ਫਿਲਮ ਦੀ ਕਹਾਣੀ ਕਾਰ 'ਚ ਕਿਤੇ ਜਾਂਦੇ ਹੋਏ ਸੁਣਾਈ ਸੀ। ਕਰਣ ਨੂੰ ਲੱਗਦਾ ਸੀ ਕਿ ਕੁਝ ਵੱਡੀਆਂ ਫਿਲਮਾਂ ਕਰਨ ਤੋਂ ਬਾਅਦ ਉਨ੍ਹਾਂ ਨੂੰ ਇਸ ਫਿਲਮ 'ਚ ਕੰਮ ਕਰਨ 'ਚ ਝਿਜਕ ਹੋਵੇਗੀ, ਪਰ ਕਿਆਰਾ ਨੇ ਪਹਿਲੀ ਵਾਰ ਹੀ ਇਸ ਦੀ ਕਹਾਣੀ ਸੁਣ ਕੇ ਆਪਣੀ ਮਨਜ਼ੂਰੀ ਦੇ ਦਿੱਤੀ ਸੀ।

ਫਿਲਮ ਦਾ ਨਿਰਦੇਸ਼ਨ 'ਹਨੂਮਾਨ ਦਿ ਦਮਦਾਰ' ਅਤੇ 'ਮੁੰਬਈ ਕਟਿੰਗ' ਵਰਗੀਆਂ ਫਿਲਮਾਂ ਦੀ ਨਿਰਦੇਸ਼ਕ ਰੁਚੀ ਨਾਰਾਇਣ ਕਰ ਰਹੀ ਹੈ। ਇਸ ਮੌਕੇ 'ਤੇ ਰੁਚੀ ਨੇ ਬਤੌਰ ਮਹਿਲਾ ਨਿਰਦੇਸ਼ਕ ਆਪਣੀਆਂ ਪ੍ਰੇਸ਼ਾਨੀਆਂ ਦੱਸਦਿਆਂ ਕਿਹਾ ਕਿ ਉਹ ਆਪਣੀ ਇੱਕ ਦੂਜੀ ਫਿਲਮ ਬਾਰੇ ਕਈ ਵੱਡੇ ਸਿਤਾਰਿਆਂ ਕੋਲ ਗਈ ਸੀ, ਪਰ ਮਹਿਲਾ ਨਿਰਦੇਸ਼ਕ ਹੋਣ ਕਾਰਨ ਕਿਸੇ ਨੇ ਉਸ ਫਿਲਮ ਵਿੱਚ ਕੰਮ ਕਰਨਾ ਨਹੀਂ ਮੰਨਿਆ। ਇਸ ਦਾ ਪ੍ਰਭਾਵ ਹੈ ਕਿ ਕਿਆਰਾ 'ਗਿਲਟੀ' ਵਿੱਚ ਦਿਸੇਗੀ। ਇਸ ਨੂੰ ਕਰਣ ਜੌਹਰ ਅਤੇ ਨੈਟਫਲਿਕਸ ਨੇ ਮਿਲ ਕੇ ਬਣਾਇਆ ਹੈ। ਇਹ ਫਿਲਮ ਛੇ ਮਾਰਚ ਨੂੰ ਰਿਲੀਜ਼ ਹੋਵੇਗੀ।


## ਮਿਲੋ ਫਿਲਮ '83' ਦੀ ਰੋਮੀ ਦੇਵ ਨੂੰ



ਰੀਅਲ ਲਾਈਫ ਜੋੜੀ ਰਣਵੀਰ ਸਿੰਘ ਅਤੇ ਦੀਪਿਕਾ ਪਾਦੁਕੋਣ ਪਰਦੇ ਉੱਤੇ ਪਹਿਲੀ ਵਾਰ ਵਿਆਹ ਤੋਂ ਬਾਅਦ ਇਕੱਠੇ ਫਿਲਮ '83' ਵਿੱਚ ਨਜ਼ਰ ਆਉਣਗੇ। ਫਿਲਮ ਵਿੱਚ ਉਹ ਪਤੀ-ਪਤਨੀ ਦੇ ਹੀ ਕਿਰਦਾਰ ਵਿੱਚ ਹੋਣਗੇ। ਰਣਵੀਰ ਫਿਲਮ 'ਚ ਕਪਿਲ ਦੇਵ ਦੀ ਭੂਮਿਕਾ ਵਿੱਚ ਹੋਣਗੇ, ਜਦ ਕਿ ਦੀਪਿਕਾ ਉਨ੍ਹਾਂ ਦੀ ਪਤਨੀ ਰੋਮੀ ਦੇਵ ਦਾ ਕਿਰਦਾਰ ਨਿਭਾਅ ਰਹੀ ਹੈ। ਹੁਣ ਤੱਕ ਰਣਵੀਰ ਤੇ ਫਿਲਮ ਦੀ ਟੀਮ ਦੇ ਹੋਰ ਮੈਂਬਰਾਂ ਦੀਆਂ ਤਸਵੀਰਾਂ ਹੀ ਰਿਲੀਜ਼ ਹੋਈਆਂ ਸਨ। ਦੀਪਿਕਾ ਦੀ ਲੁਕ ਸਾਹਮਣੇ ਨਹੀਂ ਆਈ ਸੀ। ਆਖਰ ਮੇਕਰਸ ਨੇ ਦੀਪਿਕਾ ਦੀ ਝਲਕ ਦਿਖਾ ਦਿੱਤੀ ਹੈ। ਤਸਵੀਰ ਵਿੱਚ ਦੀਪਿਕਾ ਛੋਟੇ ਵਾਲਾਂ 'ਚ ਨਜ਼ਰ ਆ ਰਹੀ ਹੈ। ਕਿਰਦਾਰ ਬਾਰੇ ਦੀਪਿਕਾ ਦਾ ਕਹਿਣਾ ਹੈ ਕਿ ਖੇਡ ਦੇ ਇਤਿਹਾਸ ਵਿੱਚ ਸਭ ਤੋਂ ਮਾਣਮੱਤੇ ਪਲਾਂ 'ਚੋਂ ਇੱਕ ਫਿਲਮ ਵਿੱਚ ਇੱਕ ਛੋਟਾ ਜਿਹਾ ਸਹੀ, ਪਰ ਅਹਿਮ ਹਿੱਸਾ ਨਿਭਾਉਣਾ ਉਸ ਲਈ ਸਨਮਾਨ ਵਾਲੀ ਗੱਲ ਹੈ। ਉਸ ਦਾ ਕਹਿਣਾ ਹੈ ਕਿ ਇਹ ਫਿਲਮ ਹਰ ਉਸ ਮਹਿਲਾ ਨੂੰ ਸਮਰਪਿਤ ਹੈ, ਜਿਹੜੀ ਆਪਣੇ ਤੋਂ ਪਹਿਲਾਂ ਆਪਣੇ ਪਤੀ ਦੇ ਸੁਫਨਿਆਂ ਨੂੰ ਅੱਗੇ ਰੱਖਦੀ ਹੈ। ਮੇਰੀ ਮਾਂ ਨੂੰ ਮੈਂ ਇਹ ਕਰਦਿਆਂ ਨੇੜਿਓਂ ਦੇਖਿਆ ਹੈ। '83' ਫਿਲਮ 10 ਅਪਰੈਲ ਨੂੰ ਹਿੰਦੀ, ਤਮਿਲ ਤੇ ਤੇਲਗੂ ਵਿੱਚ ਰਿਲੀਜ਼ ਹੋਵੇਗੀ।


ਬਿਜਲੀ ਦਾ ਕੋਈ ਵੀ ਛੋਟਾ/ਵੱਡਾ ਕੰਮ ਹੋਵੇ







For All Kinds of Electrical Work

(indoor/outdoor)
LED Pot Lights ਲਗਵਾਉਣ 'ਤੇ
DIMMER FREE ਲਗਵਾਓ

- Industrial Lighting/ Automation
- Residential/Commercial/Industrial
- Basement/Custom Homes Wiring
- Service Panel Upgrading
- Fire Alarm/ Securtiy System
- Drive way Lights
- CCTV Camera
- UPS & Battery Banks

Contact: Nirmal Singh Johal
(Certified Electrician)
647-716-2677

